I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, hitherto known as CHAMKAUR SINGH S/O AJIT SINGH R/O NEAR POST OFFICE, PATTI MAL DALA, DALA, P.O-DALA, DISTT-MOGA, PUNJAB-142011, have changed my name and shall hereafter be known as CHAMKAUR SINGH GILL.


### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.



### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.



### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਵਿਧਾਇਕ ਸ਼ੈਰੀ ਕਲਸੀ ਨੇ ਸੁੰਦਰ ਨਗਰ ਵਿਖੇ ਐਲ.ਈ.ਡੀ ਸਟ੍ਰੀਟ ਲਾਈਟ ਲਾਉਣ ਦਾ ਉਦਘਾਟਨ ਕੀਤਾ



**ਬਟਾਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸ਼ਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਦੀਆਂ ਵੱਖ ਵੱਖ ਵਾਰਡਾਂ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਵਾਰਡ ਨੰਬਰ 49 ਸੁੰਦਰ ਨਗਰ ਵਿਖੇ ਐਲ.ਈ.ਡੀ ਸਟ੍ਰੀਟ ਲਾਈਟ ਲਾਉਣ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਅਤੇ ਵਾਰਡ ਵਾਸੀ ਮੌਜੂਦ ਸਨ।

ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜਗਤੀ ਨਾਲ ਚੱਲ ਰਹੇ ਹਨ।

ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਕਾਂ ਨੂੰ ਚੋੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ। ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ। ਇਸ ਚੌਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਕ ਅਤੇ ਮਹਾਰਾਜਾ ਅਗਰਸੈਨ ਚੌਂਕ ਆਦਿ ਦੀ ਉਸਾਰੀ ਕੀਤੀ ਜਾ ਚੁੱਕੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਹੈ, ਜਿਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਮੁੱਖ ਮੰਤਰੀ ਪੰਜਾਬ ਵਲੋਂ ਲੋਕਾਂ ਨੂੰ ਇੱਕ ਛੱਤ ਹੇਠਾਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਪੁਲਿਸ ਲਾਈਨ ਬਟਾਲਾ ਵਿਖੇ ਨਵਾਂ ਤਹਿਸੀਲ ਕੰਪਲੈਕਸ ਬਟਾਲਾ ਦਾ ਉਦਘਾਟਨ ਕੀਤਾ ਗਿਆ ਸੀ ਅਤੇ ਇਥੇ ਹੀ ਬੀਤੇ ਕੱਲ ਹੀ 'ਜ਼ਿਲਾ ਪੁਲਿਸ ਦਫਤਰ ਬਟਾਲਾ'ਦੀ 5 ਮੰਜਿਲੀ ਨਵੀਂ ਇਮਾਰਤ ਬਣਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਸਕੂਲ ਆਫ ਐਮੀਨੈੱਸ ਦੀ ਉਸਾਰੀ ਕਰਵਾਈ ਗਈ ਹੈ। ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਪੁਜਦਾ ਕਰਨ ਲਈ ਆਮ ਆਦਮੀ ਕਲੀਨਿਕ ਖੋਲੇ ਗਏ ਹਨ। ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਸ਼ਿਵ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ। ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

ਇਸ ਮੌਕੇ ਸੁੰਦਰ ਨਗਰ ਵਸਨੀਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਟਰੀਟ ਲਾਈਟਾਂ ਲੱਗਣ ਨਾਲ ਸਵੇਰੇ ਤੜਕਸਾਰ ਅਤੇ ਰਾਤ ਸਮੇਂ ਬਹੁਤ ਰਾਹਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ ਵਿਧਾਇਕ ਸ਼ੈਰੀ ਕਲਸੀ ਵਲੋਂ ਜਿਕਰਯੋਗ ਉਪਰਾਲੇ ਕੀਤੇ ਗਏ ਹਨ ਅਤੇ ਉਨ੍ਹਾਂ ਲੋਕਾਂ ਨੂੰ ਲਗਾਤਾਰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ, ਜੋ ਕਿ ਪਹਿਲਾਂ ਵੇਖਣ ਨੂੰ ਨਹੀਂ ਮਿਲਦਾ ਸੀ।

# ਜਨਗਣਨਾ ਨਾਲ ਸਬੰਧਿਤ ਗਤੀਵਿਧੀਆਂ ਦੇ ਤਹਿਤ ਇੱਕ ਸਵੈ-ਗਣਨਾ ਕੈਂਪ ਦਾ ਆਯੋਜਨ ਕੀਤਾ ਗਿਆ



**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**


ਚੰਡੀਗੜ੍ਹ ਹਾਊਸਿੰਗ ਬੋਰਡ (ਸੀਐੱਚਬੀ/382) ਦੇ ਦਫ਼ਤਰ ਵਿੱਚ ਅੱਜ ਕਰਮਚਾਰੀਆਂ ਲਈ ਜਨਗਣਨਾ ਨਾਲ ਸਬੰਧਿਤ ਗਤੀਵਿਧੀਆਂ ਦੇ ਤਹਿਤ ਇੱਕ ਸਵੈ-ਗਣਨਾ (Self-Enumeration) ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸ਼੍ਰੀ ਸੌਰਭ ਕੁਮਾਰ ਅਰੋੜਾ, ਸਕੱਤਰ, ਚੰਡੀਗੜ੍ਹ ਹਾਊਸਿੰਗ ਬੋਰਡ (ਸੀਐੱਚਬੀ/382), ਅਤੇ ਸ਼੍ਰੀ ਰਾਜੀਵ ਤਿਵਾਰੀ, ਜਨਗਣਨਾ ਚਾਰਜ ਅਫ਼ਸਰ ਦੇ ਨਿਰਦੇਸ਼ਨ ਵਿੱਚ ਆਯੋਜਿਤ ਕੀਤਾ ਗਿਆ।

ਕੈਂਪ ਦੇ ਦੌਰਾਨ ਕਰਮਚਾਰੀਆਂ ਨੂੰ ਸਵੈ-ਗਣਨਾ ਪ੍ਰਕਿਰਿਆ ਨੂੰ ਸਰਲ ਅਤੇ ਸੁਚਾਰੂ ਢੰਗ ਨਾਲ ਪੂਰਾ ਕਰਨ ਹਿਤ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ। ਨਾਲ ਹੀ, ਵੇਰਵਿਆਂ ਦੀ ਸਟੀਕ ਅਤੇ ਸਮਾਂਬੱਧ ਐਂਟਰੀ ਸੁਨਿਸ਼ਚਿਤ ਕਰਨ ਲਈ ਮੌਕੇ @ਤੇ ਜ਼ਰੂਰੀ ਸਹਾਇਤਾ ਵੀ ਉਪਲਬਧ ਕਰਵਾਈ ਗਈ।

ਇਹ ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿੱਚ ਸਵੈ-ਗਣਨਾ ਦੀ ਇਹ ਮੁਹਿੰਮ 16 ਅਪ੍ਰੈਲ ਤੋਂ 30 ਅਪ੍ਰੈਲ, 2026 ਤੱਕ ਸੰਚਾਲਿਤ ਕੀਤੀ ਗਈ, ਜਿਸ ਵਿੱਚ ਅੱਜ ਇਸ ਮੁਹਿੰਮ ਦੀ ਅੰਤਿਮ ਦਿਨ ਰਿਹਾ।

ਇਹ ਪਹਿਲ ਜਨਗਣਨਾ ਪ੍ਰਕਿਰਿਆ ਵਿੱਚ ਸੁਗਮਤਾ, ਪਾਰਦਰਸ਼ਤਾ ਅਤੇ ਜਨਭਾਗੀਦਾਰੀ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਕੀਤੀ ਗਈ ਹੈ, ਤਾਕਿ ਕੋਈ ਵੀ ਵਿਅਕਤੀ ਗਣਨਾ ਤੋਂ ਵੰਚਿਤ ਨਾ ਰਹੇ।

# ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਨੇ ਮੌਕੇ 'ਤੇ ਹੀ ਕਣਕ ਦੇ ਨਾੜ ਨੂੰ ਲੱਗੀ ਅੱਗ ਬੁਝਵਾਈ



**ਧੂਰੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਅਤੇ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਜ਼ਿਲ੍ਹੇ ਵਿੱਚ ਆਪਣੇ ਦੌਰੇ @ਤੇ ਸਨ, ਜਦੋਂ ਉਹਨਾਂ ਨੂੰ ਪਿੰਡ ਬੇਨੜਾ ਦੇ ਕਿਸਾਨ ਵੱਲੋਂ ਆਪਣੇ ਖੇਤਾਂ ਵਿਚ ਕਣਕ ਦੇ ਨਾੜ ਨੂੰ ਅੱਗ ਲਾਉਣ ਬਾਰੇ ਰਿਪੋਰਟ ਮਿਲੀ, ਜਿਸ @ਤੇ ਉਹਨਾਂ ਨੇ ਫੌਰੀ ਕਾਰਵਾਈ ਕਰਦੇ ਹੋਏ ਫਾਇਰ ਬ੍ਰਿਗੇਡ ਬੁਲਾ ਕੇ ਨਾੜ ਨੂੰ ਲੱਗੀ ਅੱਗ ਬੁਝਵਾਈ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਚਾਬਾ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਚੌਕਸੀ ਟੀਮਾਂ ਕਾਰਜਸ਼ੀਲ ਹਨ ਅਤੇ ਫਸਲਾਂ ਦੀ ਰਹਿੰਦ ਖੂਹਦ ਨੂੰ ਸਾੜਨ ਤੋਂ ਰੋਕਣ ਬਾਰੇ ਪੂਰੀ ਚੌਕਸੀ ਰੱਖੀ ਜਾ ਰਹੀ ਹੈ। ਉਹਨਾਂ ਕਿਹਾ ਕਿ ਅੱਜ ਵੀ ਜਿਸ ਕਿਸਾਨ ਵੱਲੋਂ ਅੱਗ ਲਾਈ ਗਈ, ਉਸ ਨੂੰ ਅੱਗ ਲਾਉਣ ਦੇ ਨੁਕਸਾਨ ਬਾਰੇ ਦੱਸ ਕੇ ਅੱਗੇ ਤੋਂ ਕਦੇ ਵੀ ਅੱਗ ਨਾ ਲਾਉਣ ਲਈ ਪ੍ਰੇਰਿਤ ਕੀਤਾ ਗਿਆ ਤੇ ਕਿਸਾਨ ਨੇ ਵੀ ਇਹ ਅਹਿਦ ਕੀਤਾ ਕਿ ਉਸ ਵੱਲੋਂ ਅੱਗੇ ਤੋਂ ਕਦੇ ਵੀ ਅੱਗ ਨਹੀਂ ਲਾਈ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਹਰ ਪਿੰਡ ਅਤੇ ਹਰ ਕਿਸਾਨ ਤੱਕ ਪਹੁੰਚ ਕਰਦੇ ਹੋਏ ਪ੍ਰਸ਼ਾਸਨ ਤੇ ਪੁਲਿਸ ਦੇ ਅਧਿਕਾਰੀ ਤੇ ਕਰਮਚਾਰੀ ਕਿਸਾਨਾਂ ਨੂੰ ਵਾਤਾਵਰਣ ਸੰਭਾਲਣ ਦੀ ਅਪੀਲ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਨਾੜ ਨੂੰ ਅੱਗ ਲਗਾ ਕੇ ਮਨੁੱਖਤਾ, ਵਾਤਾਵਰਣ ਅਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਨੁਕਸਾਨ ਪਹੁੰਚਾਉਣ ਦੀ ਥਾਂ ਉੱਤੇ ਕਿਸਾਨਾਂ ਨੂੰ ਇਹ ਰਹਿੰਦ ਖੂਹੰਦ ਜ਼ਮੀਨ ਵਿਚ ਹੀ ਰਲਾ ਦੇਣੀ ਚਾਹੀਦੀ ਹੈ। ਅੱਗ ਲਾਉਣ ਕਾਰਨ ਜ਼ਮੀਨ ਵਿਚਲੇ ਮਿੱਤਰ ਕੀੜੇ ਮਰ ਜਾਂਦੇ ਹਨ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ।ਧੂੰਏਂ ਕਾਰਨ ਜਿੱਥੇ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਲਗਦੀਆਂ ਹਨ, ਉੱਥੇ ਸੜਕ ਹਾਦਸਿਆਂ ਦਾ ਖਤਰਾ ਵੀ ਵੱਧ ਜਾਂਦਾ ਹੈ। ਇਸ ਲਈ ਕਿਸੇ ਵੀ ਹਾਲ ਫਸਲਾਂ ਦੀ ਰਹਿੰਦ ਖੂਹੰਦ ਨੂੰ ਅੱਗ ਨਹੀਂ ਲਾਉਣੀ ਚਾਹੀਦੀ।

ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਚਾਹਲ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤੀਬਾੜੀ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਮਿਲੀ ਨਵੀਂ ਮਜ਼ਬੂਤੀ



**ਨਵੀਂ ਦਿੱਲੀ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਲਗਾਤਾਰ ਮਜ਼ਬੂਤੀ ਵੱਲ ਅੱਗੇ ਵੱਧ ਰਿਹਾ ਹੈ ਅਤੇ ਦਿੱਲੀ ਦੀਆਂ ਸੰਗਤਾਂ ਵੱਲੋਂ ਮਿਲ ਰਿਹਾ ਭਰਪੂਰ ਸਮਰਥਨ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਸਮਾਜ ਦੇ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਪ੍ਰਤਿਭਾਸ਼ਾਲੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤਾਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨਾਲ ਜੁੜ ਰਹੀਆਂ ਹਨ, ਜਿਨ੍ਹਾਂ ਦਾ ਸਮਾਜਿਕ ਅਤੇ ਪੰਥਕ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਰਿਹਾ ਹੈ।

ਇਸੇ ਕੜੀ ਤਹਿਤ ਅੱਜ ਸਰਦਾਰ ਸ਼ਮਸ਼ੇਰ ਸਿੰਘ ਸੰਧੂ ਆਪਣੇ ਵੱਡੇ ਸਮਰਥਕ ਵਰਗ ਸਮੇਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ ਹੋਏ। ਇਸ ਮੌਕੇ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਦਾ ਤਹਿ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਇਹ ਸ਼ਮੂਲੀਅਤ ਪੰਥਕ ਰਾਜਨੀਤੀ ਵਿੱਚ ਇੱਕ ਨਵੇਂ ਅਤੇ ਮਜ਼ਬੂਤ ਦੌਰ ਦੀ ਸ਼ੁਰੂਆਤ ਹੈ।

ਉਨ੍ਹਾਂ ਕਿਹਾ ਕਿ ਸਰਦਾਰ ਸ਼ਮਸ਼ੇਰ ਸਿੰਘ ਸੰਧੂ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਲਿਆ ਗਿਆ ਇਹ ਫੈਸਲਾ ਇੱਕ ਦ੍ਰਿੜ, ਲੋਕ-ਕੇਂਦਰਿਤ ਅਤੇ ਦੂਰਦਰਸ਼ੀ ਪੰਥਕ ਵਿਜ਼ਨ ਵੱਲ ਵੱਧ ਰਹੇ ਬਦਲਾਅ ਦਾ ਪ੍ਰਤੀਕ ਹੈ। ਇਹ ਨਾਲ ਨਾ ਸਿਰਫ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੀ ਮਜ਼ਬੂਤੀ ਵਿੱਚ ਵਾਧਾ ਕਰੇਗਾ, ਸਗੋਂ ਸਿੱਖ ਕੌਮ ਦੀ ਏਕਤਾ ਨੂੰ ਵੀ ਹੋਰ ਮਜਬੂਤੀ ਮਿਲੇਗੀ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਵਿਸ਼ਵਾਸ ਪ੍ਰਗਟਾਇਆ ਕਿ ਸਰਦਾਰ ਸ਼ਮਸ਼ੇਰ ਸਿੰਘ ਸੰਧੂ ਦਾ ਵਿਸ਼ਾਲ ਤਜਰਬਾ, ਲੰਬੀ ਸਮਾਜਿਕ ਸੇਵਾ ਅਤੇ ਅਟੁੱਟ ਸਮਰਪਣ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੀਆਂ ਨੀਤੀਆਂ ਅਤੇ ਉਦੇਸ਼ਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹਤਵਪੂਰਨ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਸਦਾ ਹੀ ਕੌਮ ਦੀ ਭਲਾਈ, ਏਕਤਾ ਅਤੇ ਨਿਸ਼ਠਾ ਨਾਲ ਸੇਵਾ ਕਰਨ ਲਈ ਵਚਨਬੱਧ ਰਹੇਗੀ।

ਉਨ੍ਹਾਂ ਕਿਹਾ ਕਿ ਪ੍ਰਭਾਵਸ਼ਾਲੀ ਸ਼ਮੂਲੀਅਤਾਂ ਜਿਨ੍ਹਾਂ ਦਾ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਹੈ ਨਾਲ ਪਾਰਟੀ ਦੇ ਵਿਸਥਾਰ ਅਤੇ ਪੰਥਕ ਹਿੱਤਾਂ ਦੀ ਰੱਖਿਆ ਲਈ ਨਵੇਂ ਰਸਤੇ ਖੋਲ੍ਹਦੀਆਂ ਹਨ ਅਤੇ ਭਵਿੱਖ ਵਿੱਚ ਹੋਰ ਵੀ ਮਜ਼ਬੂਤ ਅਤੇ ਇਕਜੁੱਟ ਸਿੱਖ ਆਵਾਜ਼ ਦੀ ਨਿਰਮਾਣ ਵਿੱਚ ਮਦਦਗਾਰ ਸਾਬਤ ਹੋਣਗੀਆਂ।

# ਪੰਜਾਬ ਵੱਲੋਂ ਅਪ੍ਰੈਲ ਮਹੀਨੇ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ 2987.38 ਕਰੋੜ ਰੁਪਏ ਦੀ ਕੁੱਲ ਜੀ.ਐਸ.ਟੀ. ਪ੍ਰਾਪਤੀ ਦਰਜ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅਪ੍ਰੈਲ 2026 ਲਈ ਟੈਕਸ ਮਾਲੀਏ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਕਾਇਮ ਕੀਤਾ ਹੈ ਅਤੇ ਸੂਬੇ ਨੇ ਜੀ.ਐਸ.ਟੀ. ਦੇ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਦਾ ਆਪਣਾ ਸਭ ਤੋਂ ਵੱਧ ਮਹੀਨਾਵਾਰ ਵਸਤੂਆਂ ਅਤੇ ਸੇਵਾ ਕਰ (ਜੀ.ਐਸ.ਟੀ.) ਹਾਸਲ ਕੀਤਾ ਹੈ, ਅਤੇ ਇਸ ਦੇ ਨਾਲ ਹੀ ਕੁੱਲ ਜੀ.ਐਸ.ਟੀ. ਮਾਲੀਆ ਵਿਕਾਸ ਦਰ ਵਿੱਚ ਦੇਸ਼ ਭਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਸ ਬੇਮਿਸਾਲ ਪ੍ਰਾਪਤੀ ਦਾ ਵੇਰਵਾ ਦਿੰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਨੇ ਕਿਹਾ, ÷ਸੂਬੇ ਨੇ 2725.08 ਕਰੋੜ ਦੇ ਸ਼ੁੱਧ ਜੀ.ਐਸ.ਟੀ. ਦੇ ਨਾਲ 2987.38 ਕਰੋੜ ਦਾ ਕੁੱਲ ਜੀ.ਐਸ.ਟੀ. ਦਰਜ ਕੀਤਾ ਹੈ। ਇਹ ਸ਼ਾਨਦਾਰ ਪ੍ਰਦਰਸ਼ਨ ਸਾਲ-ਦਰ-ਸਾਲ ਦੇ ਆਧਾਰ @ਤੇ ਸ਼ੁੱਧ ਜੀ.ਐਸ.ਟੀ. ਵਿੱਚ 70.70% ਦੇ ਜ਼ਬਰਦਸਤ ਵਾਧੇ ਨੂੰ ਦਰਸਾਉਂਦਾ ਹੈ, ਜੋ ਕਿ ਅਪ੍ਰੈਲ 2025 ਦੀ ਸਾਡੀ ਪ੍ਰਾਪਤੀ ਦੇ ਮੁਕਾਬਲੇ ਲਗਭਗ 1,129 ਕਰੋੜ ਰੁਪਏ ਦੇ ਪ੍ਰਭਾਵਸ਼ਾਲੀ ਵਾਧੇ ਵਿੱਚ ਤਬਦੀਲ ਹੋਇਆ।

ਕੌਮੀ ਪੱਧਰ @ਤੇ ਪੰਜਾਬ ਦੀ ਸਥਿਤੀ ਬਾਰੇ ਵਿਸਥਾਰ ਦਿੰਦੇ ਹੋਏ, ਆਬਕਾਰੀ ਅਤੇ ਕਰ ਮੰਤਰੀ ਨੇ ਕਿਹਾ, ÷ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਪੰਜਾਬ ਨੇ ਪੋਸਟ-ਸੈਟਲਮੈਂਟ ਜੀ.ਐਸ.ਟੀ. ਵਿੱਚ 66% ਦਾ ਸ਼ਾਨਦਾਰ ਵਾਧਾ ਦਰਜ ਕੀਤਾ ਹੈ, ਜੋ ਪਿਛਲੇ ਸਾਲ ਦੇ 1,795 ਕਰੋੜ ਰੁਪਏ ਤੋਂ ਵੱਧ ਕੇ 2,987 ਕਰੋੜ ਰੁਪਏ ਹੋ ਗਿਆ ਹੈ। ਇਹ ਸਾਨੂੰ ਦੇਸ਼ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸੂਬੇ ਵਜੋਂ ਸਥਾਪਿਤ ਕਰਦਾ ਹੈ, ਜੋ ਸਰਬ-ਭਾਰਤੀ ਵਿਕਾਸ ਔਸਤ ਨੂੰ ਕਾਫ਼ੀ ਪਿੱਛੇ ਛੱਡਦਾ ਹੈ ਅਤੇ ਸਾਰੇ ਉੱਤਰੀ ਭਾਰਤੀ ਸੂਬਿਆਂ ਵਿੱਚ ਮੋਹਰੀ ਹੈ।

ਵਿੱਤੀ ਅੰਕੜਿਆਂ ਦੇ ਸੰਦਰਭ ਵਿੱਚ ਜਾਣਕਾਰੀ ਦਿੰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਨੇ ਕਿਹਾ, ÷ਹਾਲਾਂਕਿ ਸਾਲ-ਦਰ-ਸਾਲ ਦੀ ਤੁਲਨਾ ਅਪ੍ਰੈਲ 2025 ਤੋਂ 859 ਕਰੋੜ ਰੁਪਏ ਦੇ ਅਸਧਾਰਨ ਆਈ.ਜੀ.ਐਸ.ਟੀ. ਐਡਜਸਟਮੈਂਟ ਦੁਆਰਾ ਪ੍ਰਭਾਵਿਤ ਹੈ, ਇਸ ਕਾਰਕ ਨੂੰ ਨਿਰਪੱਖ ਕਰਨ @ਤੇ 12.57% ਦਾ ਐਡਜਸਟ ਕੀਤਾ ਕੁੱਲ ਵਾਧਾ ਅਤੇ 10.97% ਦਾ ਐਡਜਸਟ ਕੀਤਾ ਸ਼ੁੱਧ ਵਾਧਾ ਸਾਹਮਣੇ ਆਉਂਦਾ ਹੈ। ਇਹ ਸਪੱਸ਼ਟ ਤੌਰ @ਤੇ ਟੈਕਸ ਪ੍ਰਸ਼ਾਸਨ ਅਤੇ ਪਾਲਣਾ ਵਿੱਚ ਸਾਡੇ ਨਿਰੰਤਰ ਸੁਧਾਰਾਂ ਨੂੰ ਦਰਸਾਉਂਦਾ ਹੈ।

ਇਸ ਵਿੱਤੀ ਮੀਲ ਪੱਥਰ ਦਾ ਸਿਹਰਾ ਸਖ਼ਤ ਪ੍ਰਸ਼ਾਸਨਿਕ ਉਪਾਵਾਂ ਨੂੰ ਦਿੰਦਿਆਂ, ਆਬਕਾਰੀ ਅਤੇ ਕਰ ਮੰਤਰੀ ਨੇ ਕਿਹਾ, ÷ਸਾਡੇ ਮਜ਼ਬੂਤ ਜੀ.ਐਸ.ਟੀ. ਵਾਧੇ ਦਾ ਸਿਹਰਾ ਪੂਰੇ ਪੰਜਾਬ ਵਿੱਚ ਤੇਜ਼ ਕੀਤੀਆਂ ਗਈਆਂ ਇਨਫੋਰਸਮੈਂਟ ਗਤੀਵਿਧੀਆਂ ਨੂੰ ਜਾਂਦਾ ਹੈ। ਡੇਟਾ ਐਨਾਲਿਟਿਕਸ ਦੀ ਵਿਆਪਕ ਵਰਤੋਂ, ਤਾਲਮੇਲ ਵਾਲੀ ਫੀਲਡ ਕਾਰਵਾਈ ਅਤੇ ਖੁਫੀਆ ਜਾਣਕਾਰੀ @ਤੇ ਅਧਾਰਤ ਨਿਰੀਖਣਾਂ ਰਾਹੀਂ, ਅਸੀਂ 175 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਉਣ ਵਿੱਚ ਸਫਲ ਰਹੇ ਹਾਂ। ਇਸ ਤੋਂ ਇਲਾਵਾ, ਇਸ ਅਪ੍ਰੈਲ ਵਿੱਚ ਆਇਰਨ ਅਤੇ ਸਟੀਲ ਸੈਕਟਰ ਵਿੱਚ ਇੱਕ ਵਿਸ਼ੇਸ਼ ਟੈਕਸ ਚੋਰੀ ਵਿਰੋਧੀ ਮੁਹਿੰਮ ਦੌਰਾਨ, ਅਸੀਂ ਇੱਕ ਹੀ ਦਿਨ ਵਿੱਚ ਲਗਭਗ 200 ਵਾਹਨਾਂ ਨੂੰ ਜ਼ਬਤ ਕਰਕੇ ਇੱਕ ਰਿਕਾਰਡ ਇਨਫੋਰਸਮੈਂਟ ਡਰਾਈਵ ਚਲਾਈ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ ਦੇ ਮਾਲੀਆ ਅਧਾਰ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ੋਰ ਦੇ ਕੇ ਕਿਹਾ, ÷ਜੀ.ਐਸ.ਟੀ. ਮਾਲੀਆ ਇਕੱਤਰ ਕਰਨ ਵਿੱਚ ਪੰਜਾਬ ਦਾ ਚੋਟੀ ਦਾ ਸਥਾਨ ਕਰ ਵਿਭਾਗ ਦੀ ਕੇਂਦਰਿਤ ਰਣਨੀਤੀ ਦਾ ਪ੍ਰਮਾਣ ਹੈ, ਜੋ ਕਿ ਤਕਨਾਲੋਜੀ-ਸੰਚਾਲਿਤ ਇਨਫੋਰਸਮੈਂਟ ਨੂੰ ਅਸਲ ਟੈਕਸਦਾਤਾਵਾਂ ਦੀ ਸਹੂਲਤ ਨਾਲ ਪੂਰੀ ਤਰ੍ਹਾਂ ਜੋੜਦਾ ਹੈ। ਅਸੀਂ ਸਾਰੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਟੈਕਸਦਾਤਾਵਾਂ ਲਈ ਨਿਰਪੱਖ, ਪਾਰਦਰਸ਼ੀ ਅਤੇ ਸਹਾਇਕ ਟੈਕਸ ਪ੍ਰਣਾਲੀ ਨੂੰ ਯਕੀਨੀ ਬਣਾਉਂਦੇ ਹੋਏ ਟੈਕਸ ਚੋਰੀ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

# ਜ਼ਿਲ੍ਹਾ ਟਾਸਕ ਫੋਰਸ ਵੱਲੋਂ ਵਿਸ਼ੇਸ਼ ਚੈਕਿੰਗ, 6 ਸਕੂਲੀ ਬੱਸਾਂ ਦੇ ਚਲਾਨ

**ਸੰਗਰੂਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀ ਪ੍ਰਦੀਪ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ, ਸੰਗਰੂਰ ਅੰਦਰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਆਨ ਰੋਡ ਵੱਖ-ਵੱਖ ਸਕੂਲੀ ਬੱਸਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ।

ਇਸ ਅਭਿਆਨ ਦੌਰਾਨ ਸਕੂਲੀ ਬੱਸਾਂ, ਡਰਾਈਵਰਾਂ ਦੇ ਲਾਜ਼ਮੀ ਦਸਤਾਵੇਜ਼ ਅਤੇ ਸਕੂਲ ਪ੍ਰਬੰਧਨ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਕੀਤੀਆਂ ਵਿਵਸਥਾਵਾਂ ਦੀ ਵਿਸਥਾਰਪੂਰਵਕ ਜਾਂਚ ਕੀਤੀ ਗਈ। ਕੁੱਲ 6 ਸਕੂਲੀ ਬੱਸਾਂ ਦੇ ਚਲਾਨ ਕੱਟੇ ਗਏ। ਇਹ ਚਲਾਨ ਰਜਿਸਟ੍ਰੇਸ਼ਨ ਦੀ ਕਮੀ, ਫਿਟਨੈੱਸ ਅਤੇ ਇਨਸ਼ੋਰੈਂਸ ਸਰਟੀਫਿਕੇਟ ਦੀ ਅਣਉਪਲਬਧਤਾ, ਡਰਾਈਵਰਾਂ ਦੀ ਹਾਜ਼ਰੀ ਰਿਕਾਰਡ ਵਿੱਚ ਕਮੀਆਂ, ਨਿਯਮਾਂ ਅਨੁਸਾਰ ਯੂਨੀਫਾਰਮ ਦੀ ਪਾਲਣਾ ਨਾ ਹੋਣਾ, ਫਾਇਰ ਸਿਲੈਂਡਰ, ਫਰਸਟ ਏਡ ਬਾਕਸ, ਲੇਡੀ ਕੰਡਕਟਰ ਨਾ ਹੋਣਾ ਅਤੇ ਹੋਰ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਾਰਨ ਜਾਰੀ ਕੀਤੇ ਗਏ।

ਇਸ ਚੈਕਿੰਗ ਮੁਹਿੰਮ ਨੂੰ ਸਫਲਤਾਪੂਰਵਕ ਅੰਜਾਮ ਦੇਣ ਲਈ ਟਾਸਕ ਫੋਰਸ ਦੇ ਮੈਂਬਰਾਂ ਸ੍ਰੀ ਜਸਵਿੰਦਰ ਸਿੰਘ (ਪੁਲਿਸ ਵਿਭਾਗ), ਸ੍ਰੀ ਸਵਰਨ ਸਿੰਘ (ਪੁਲਿਸ ਵਿਭਾਗ) , ਸ਼੍ਰੀ ਅਰਵਿੰਦਰਪਾਲ(ਪੁਲਿਸ ਵਿਭਾਗ) ,ਸ੍ਰੀ ਸਤਨਾਮ ਸਿੰਘ(ਸਿੱਖਿਆ ਵਿਭਾਗ), ਸੁਰਜੀਤ ਸਿੰਘ (ਚਾਈਲਡ ਹੈਲਪਲਾਈਨ), ਅਤੇ ਸ੍ਰੀ ਅਮਨਦੀਪ ਸਿੰਘ (ਡੀ.ਸੀ.ਪੀ.ਯੂ.), ਵੱਲੋਂ ਸਮਨਵਿਤ ਢੰਗ ਨਾਲ ਕਾਰਵਾਈ ਕੀਤੀ ਗਈ।

ਟਾਸਕ ਫੋਰਸ ਵੱਲੋਂ ਸੰਬੰਧਿਤ ਸਕੂਲ ਪ੍ਰਬੰਧਕਾਂ ਅਤੇ ਬੱਸ ਚਾਲਕਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਸੰਬੰਧੀ ਜਾਰੀ ਹਦਾਇਤਾਂ ਅਤੇ ਮਾਪਦੰਡਾਂ ਦੀ ਪੂਰੀ ਤਰ੍ਹਾਂ ਪਾਲਣਾ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਪਾਈ ਜਾਣ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕਰਨ ਬਾਰੇ ਵੀ ਚੇਤਾਵਨੀ ਦਿੱਤੀ ਗਈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਪਸ਼ਟ ਕੀਤਾ ਗਿਆ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਤਰ੍ਹਾਂ ਦੇ ਚੈਕਿੰਗ ਅਭਿਆਨ ਅਗਾਂਹ ਵੀ ਨਿਰੰਤਰ ਜਾਰੀ ਰਹਿਣਗੀਆਂ।

# ਮਜਦੂਰ ਦਿਵਸ ਮੌਕੇ ਕਰਮਚਾਰੀ ਮਾਰੂ ਨੀਤੀਆਂ ਨੂੰ ਲੈ ਕੇ ਮੋਦੀ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜੀ



**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਡਬਲਿਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਜ਼ ਯੂਨੀਅਨ ਪੰਜਾਬ। ਬ੍ਰਾਂਚ ਪਟਿਆਲਾ ਵਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਮੁੱਖ ਦਫਤਰ ਪਟਿਆਲਾ ਵਿਖੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਵਿਸ਼ੇਸ ਤੌਰ ਤੇ ਪੁਹੰਚੇ ਜਨਤਕ ਜਥੇਬੰਦੀ ਦੇ ਕਨਵੀਨਰ ਦਰਸ਼ਨ ਸਿੰਘ ਬੇਲੂਮਾਜਰਾ ਸੀਨੀਅਰ ਆਗੂ ਜਸਬੀਰ ਸਿੰਘ ਖੋਖਰ ਸੂਬਾ ਸਲਾਹਕਾਰ ਰਾਜਪਾਲ ਸਿੰਘ ਲੱਸੋਈ ਬ੍ਰਾਂਚ ਪ੍ਰਧਾਨ ਧਰਮਪਾਲ ਸਿੰਘ ਲੋਟ ਨੇ ਸ਼ਹੀਦਾਂ ਦੀ ਯਾਦ ਵਿੱਚ ਝੰਡਾ ਚੜ੍ਹਾ ਕੇ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਮੂਲਜ਼ਾਮ ਮਾਰੂ ਨੀਤੀਆਂ ਖਿਲਾਫ ਜਬਰਦਸਤ ਨਾਅਰੇਬਾਜ਼ੀ ਕੀਤੀ। ਇਕੱਠੇ ਹੋਏ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਬੇਲੂਮਾਜਰਾ ਨੇ ਕਿਹਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਸਾਨੂ ਹੱਕ ਲੈ ਕੇ ਦਿਤੇ ਸਨ।ਮੌਜ਼ੂਦਾ ਸਰਕਾਰਾਂ ਉਨਾਂ ਦੇ ਹੱਕ ਤੇ ਡਾਕਾ ਮਾਰ ਰਹੀਆਂ ਹਨ। ਕੇਂਦਰ ਤੇ ਰਾਜ ਦੀਆਂ ਸਰਕਾਰਾਂ ਪੂੰਜੀਪਤੀਆਂ ਦੀਆਂ ਹੱਥ ਕੱਟਪੁਤਲੀ ਬਣ ਕਿ ਰਹਿ ਗਈਆਂ ਹਨ। ਜਿਨ੍ਹਾਂ ਦੇ ਰਾਜ ਵਿੱਚ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਪੂੰਜੀ ਕੁਝ ਹੱਥਾਂ ਵਿੱਚ ਸੀਮਤ ਹੋ ਕਿ ਰਹਿ ਗਈ ਹੈ। ਉਨਾਂ ਲੁਟੇ ਜਾਣ ਵਾਲੀ ਜਮਾਤ ਨੂੰ ਹੋਕਾ ਦਿੰਦਿਆਂ ਕਿਹਾ ਕਿ ਮੌਜੂਦਾ ਸਰਕਾਰਾਂ ਨੂੰ ਸੱਤਾ ਤੋਂ ਹੁਣ ਲਾਂਭੇ ਕਰਨ ਦਾ ਸਮਾਂ ਆ ਗਿਆ ਹੈ।ਇਸ ਮੌਕੇ ਖਜਾਨਚੀ ਦੀਪਕ ਕੁਮਾਰ ਸੁਖਬੀਰ ਸਿੰਘ ਢੀਂਡਸਾ ਗੁਰਮੀਤ ਸਿੰਘ ਜਤਿੰਦਰ ਬਿੱਟੂ ਲਖਵਿੰਦਰ ਸਿੰਘ ਜਰਨੈਲ ਸਿੰਘ ਗੁਰਚਰਨ ਸਿੰਘ ਧਨੋਆ ਕੁਲਦੀਪ ਵਰਮਾ ਰਾਮ ਅਧਾਰ ਸਵਰਨ ਸਿੰਘ ਹਾਕਮ ਸਿੰਘ ਜਸਬੀਰ ਪੰਜੋਲਾਂ ਉੱਗੇਰਸ਼ਨ ਸ਼ੇਰ ਬਹਾਦਰ ਮਨਿੰਦਰ ਸਿੰਘ ਭਗਵਾਨ ਦਾਸ ਸਰਬਜੀਤ ਸਾਰੇ ਸਾਥੀਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿਤੀ ਅਤੇ ਉਹਨਾਂ ਦੀਆਂ ਕੁਰਬਾਨੀਆ ਨੂੰ ਸਲਾਮ ਕੀਤਾ।

# ਬਿੱਲੇ ਦੀ ਮੌਤ ਨੂੰ ਨਾ ਸਹਾਰਦਿਆਂ ਦਾਦੀ ਨੇ ਤਿਆਗੇ ਪ੍ਰਾਣ

**ਮਾਛੀਵਾੜਾ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਕੱਲ ਮਾਛੀਵਾੜਾ ਸਾਹਿਬ ਦੇ ਰਤੀਪੁਰ ਰੋਡ ਤੇ ਹੋਏ ਖ਼ੂਨੀ ਹੱਤਿਆਕਾਂਡ ਵਿੱਚ ਜਿੱਥੇ ਹੈਡੋਂ ਪਿੰਡ ਵਾਸੀ ਨੌਜਵਾਨ ਗਗਨਦੀਪ ਸਿੰਘ ਬਿੱਲਾ ਦੀ ਮੌਕੇ ਤੇ ਹੀ ਮੌਤ ਹੋ ਗਈ ਸੀ ਉੱਥੇ ਹੀ ਉਸ ਵੇਲੇ ਪਿੰਡ ਅਤੇ ਇਲਾਕੇ ਦਾ ਮਾਹੌਲ ਹੋਰ ਗਮਗੀਨ ਹੋ ਗਿਆ ਜਦੋਂ ਬਿੱਲੇ ਦੀ ਦਾਦੀ ਮਹਿੰਦਰ ਕੌਰ ਆਪਣੇ ਪੋਤੇ ਦੀ ਮੌਤ ਦੀ ਖਬਰ ਨੂੰ ਨਾ ਸਹਾਰਦਿਆਂ ਟੈਕਸ ਪ੍ਰਾਣ ਤਿਆਗ ਗਈ। ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਬਿੱਲੇ ਦੀ ਮੌਤ ਦੀ ਖਬਰ ਸੁਣਦਿਆਂ ਦਾਦੀ ਮਹਿੰਦਰ ਕੌਰ ਨੂੰ ਹਾਰਟ ਅਟੈਕ ਆਇਆ ਜੋ ਜਾਨਲੇਵਾ ਸਾਬਿਤ ਹੋਇਆ ।

ਇੱਕੋ ਦਿਨ ਪਰਿਵਾਰ ਵਿੱਚ ਹੋਈਆਂ ਇਹਨਾਂ ਦੋ ਮੌਤਾਂ ਨਾਲ ਪਿੰਡ ਦਾ ਮਾਹੌਲ ਬਹੁਤ ਗਮਗੀਨ ਹੈ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਦੇਰ ਸ਼ਾਮ ਮਾਛੀਵਾੜਾ ਥਾਣੇ ਇਕੱਤਰਿਤ ਹੋਈਆਂ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਨੇ ਕਿਸਾਨੀ ਸ਼ੰਘਰਸ਼ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਣ ਵਾਲੇ ਗਗਨਦੀਪ ਸਿੰਘ ਬਿੱਲਾ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਅਤੇ ਪਰਿਵਾਰ ਇਨਸਾਫ ਦਵਾਉਣ ਲਈ ਅਗਲੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ।

# ਜਲੀਲ ਹੋਏ ਵਿਦਿਆਰਥੀ ਨੇ ਨਿਗਲੀ ਜ਼ਹਿਰੀਲੀ ਦਵਾਈ ਤੇ ਹੋਈ ਮੌਤ



**ਕਾਹਨੂੰਵਾਨ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਗੁਰਦਾਸਪੁਰ ਦੇ ਪੁਲਿਸ ਥਾਣਾ ਭੈਣੀ ਮੀਆਂ ਖਾਨ ਦੇ ਅਧੀਨ ਆਉਂਦੇ ਪਿੰਡ ਝੰਡਾ ਲੁਬਾਣਾ ਦੇ ਇਕ ਵਿਦਿਆਰਥੀ ਨੇ ਕਸਬਾ ਦਸੂਹਾ ਦੇ ਨਾਮੀ ਨਿੱਜੀ ਸਕੂਲ ਵੱਲੋਂ ਸਖ਼ਤ ਸਜ਼ਾ ਦੇਣ ਤੋਂ ਤੰਗ ਹੋ ਕੇ ਜੀਵਨ ਲੀਲ੍ਹਾ ਖ਼ਤਮ ਕਰ ਲਈ ਹੈ। ਜਾਣਕਾਰੀ ਅਨੁਸਾਰ 15 ਵਰਿਆਂ ਦਾ ਨਵਜੋਤ ਸਿੰਘ ਨੇੜਲੇ ਸ਼ਹਿਰ ਦਸੂਹਾ ਦੇ ਇਕ ਨਾਮੀ ਨਿੱਜੀ ਸਕੂਲ ਵਿੱਚ ਪੜਦਾ ਸੀ। ਬੀਤੇ 27 ਅਪ੍ਰੈਲ ਨੂੰ ਉਸ ਨੂੰ ਸਕੂਲ ਪ੍ਰਸ਼ਾਸ਼ਨ ਵਲੋਂ ਕੋਈ ਮਾਮੂਲੀ ਗ਼ਲਤੀ ਕਰਕੇ ਸਖ਼ਤ ਸਜਾ ਦਿੱਤੀ ਗਈ, ਅਤੇ ਦੋ ਪੀਰੀਅਡ ਧੁੱਪ ਵਿੱਚ ਖੜਾ ਰੱਖਿਆ ਗਿਆ ਜਿਸ ਤੋਂ ਪ੍ਰੇਸ਼ਾਨ ਹੋ ਕੇ ਨਵਜੋਤ ਸਿੰਘ ਨੇ ਨੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਇਸ ਦੌਰਾਨ ਜ਼ੇਰੇ ਇਲਾਜ ਨਵਜੋਤ ਸਿੰਘ ਦੀ ਕਈ ਦਿਨ ਦੀ ਜੱਦੋ-ਜਹਿਦ ਤੋਂ ਬਾਅਦ ਮੌਤ ਹੋ ਗਈ। ਪਰਿਵਾਰ ਵੱਲੋਂ ਸਿਹਰੇ ਨਾਲ ਸਜਾ ਕੇ ਨਵਜੋਤ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ ।

ਉੱਥੇ ਹੀ ਸੰਸਕਾਰ ਤੇ ਪਹੁੰਚੇ ਸਕੂਲ ਦੇ ਵਿਦਿਆਰਥੀਆਂ ਨੇ ਸਾਰੀ ਘਟਨਾਂ ਬਾਰੇ ਦੱਸਦੇ ਹੋਏ ਸਕੂਲ ਪ੍ਰਬੰਧਨ ਦਾ ਵੀ ਖੁਲਾਸਾ ਕੀਤਾ ਅਤੇ ਨਾਲ ਹੀ ਮੰਗ ਕੀਤੀ ਹੈ ਕਿ ਨਵਜੋਤ ਦੇ ਪਰਿਵਾਰ ਨੂੰ ਇਨਸਾਫ਼ ਦਵਾਇਆ ਜਾਏ ਅਤੇ ਸਕੂਲ ਪ੍ਰਬੰਧਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ । ਦੂਜੇ ਪਾਸੇ ਭੈਣੀ ਮੀਆਂ ਖਾਨ ਦੇ ਡੀਐਸਪੀ ਕੁਲਵੰਤ ਸਿੰਘ ਮਾਨ ਨੇ ਦੱਸਿਆ ਕਿ ਪੁਲਿਸ ਵੱਲੋਂ ਸਕੂਲ ਪ੍ਰਬੰਧਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਇਸ ਮੌਕੇ ਉਹਨਾਂ ਨਾਲ ਨਵਜੋਤ ਸਿੰਘ ਦੇ ਸਾਥੀ ਵਿਦਿਆਰਥੀ ਅਤੇ ਪਿੰਡ ਉੱਥੇ ਹੀ ਸੰਸਕਾਰ ਤੇ ਪਹੁੰਚੇ ਸਕੂਲ ਦੇ ਵਿਦਿਆਰਥੀਆਂ ਨੇ ਸਾਰੀ ਘਟਨਾਂ ਬਾਰੇ ਦੱਸਦੇ ਹੋਏ ਸਕੂਲ ਪ੍ਰਬੰਧਨ ਦਾ ਵੀ ਖੁਲਾਸਾ ਕੀਤਾ ਅਤੇ ਨਾਲ ਹੀ ਮੰਗ ਕੀਤੀ ਹੈ ਕਿ ਨਵਜੋਤ ਦੇ ਪਰਿਵਾਰ ਨੂੰ ਇਨਸਾਫ਼ ਦਵਾਇਆ ਜਾਏ ਅਤੇ ਸਕੂਲ ਪ੍ਰਬੰਧਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ । ਦੂਜੇ ਪਾਸੇ ਭੈਣੀ ਮੀਆਂ ਨੇ ਦੱਸਿਆ ਕਿ ਪੁਲਿਸ ਵੱਲੋਂ ਸਕੂਲ ਪ੍ਰਬੰਧਕ ਦੇ ਖਿਲਾਫ ਮਾਮਲਾਵਾਸੀ ਅਤੇ ਸਮੂਹਿਕ ਇਲਾਕਾ ਨਿਵਾਸੀ ਹਾਜਰ ਸਨ

# ਮਾਲੇਰਕੋਟਲਾ ਪੁਲਿਸ ਵੱਲੋਂ 07 ਚੋਰੀਸ਼ੁਦਾ ਮੋਟਰਸਾਈਕਲ ਬਰਾਮਦ

**ਮਲੇਰਕੋਟਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੋਰੀ ਅਤੇ ਵਾਹਨ ਚੋਰੀ ਵਿਰੁੱਧ ਚੱਲ ਰਹੀ ਵਿਸ਼ੇਸ਼ ਮੁਹਿੰਮ ਦੌਰਾਨ ਪੁਲਿਸ ਨੂੰ ਮਹੱਤਵਪੂਰਨ ਕਾਮਯਾਬੀ ਪ੍ਰਾਪਤ ਹੋਈ ਹੈ।

ਉਪ ਕਪਤਾਨ ਪੁਲਿਸ ਸਬ ਡਵੀਜ਼ਨ ਅਹਿਮਦਗੜ੍ਹ ਸੁਖਦੇਵ ਸਿੰਘ ਅਤੇ ਮੁੱਖ ਥਾਣਾ ਅਫਸਰ ਸਦਰ ਅਹਿਮਦਗੜ੍ਹ ਇੰਸਪੈਕਟਰ ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਥਾਣੇਦਾਰ ਹਰਜਿੰਦਰ ਸਿੰਘ ਵੱਲੋਂ ਨਾਕਾਬੰਦੀ ਕੀਤੀ ਗਈ।

ਇਸ ਨਾਕਾਬੰਦੀ ਦੌਰਾਨ ਮੁਕੱਦਮਾ ਨੰਬਰ 62 ਅਧੀਨ ਧਾਰਾ 303(2), 317(2) ਬੀ.ਐਨ.ਐਸ ਥਾਣਾ ਸਦਰ ਅਹਿਮਦਗੜ੍ਹ ਵਿੱਚ ਦਰਜ ਮਾਮਲੇ ਵਿੱਚ ਸਫੀ ਮੁਹੰਮਦ ਉਰਫ ਸੈਬੀ ਪੁੱਤਰ ਮੁਹੰਮਦ ਇਕਬਾਲ ਉਰਫ ਬਾਲੀ ਵਾਸੀ ਪਿੰਡ ਮਤੋਈ ਨੂੰ ਕਾਬੂ ਕੀਤਾ ਗਿਆ।

ਪੁਲਿਸ ਮੁਤਾਬਿਕ ਦੋਸ਼ੀ ਸੜਕਾਂ ਅਤੇ ਘਰਾਂ ਦੇ ਬਾਹਰ ਖੜ੍ਹੇ ਮੋਟਰਸਾਈਕਲਾਂ ਦੇ ਤਾਲੇ ਤੋੜ ਕੇ ਚੋਰੀ ਕਰਦਾ ਸੀ।

ਇਸ ਕਾਰਵਾਈ ਦੌਰਾਨ ਪੁਲਿਸ ਵੱਲੋਂ ਚੋਰੀ ਕੀਤੇ ਮੋਟਰਸਾਈਕਲ ਸਮੇਤ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਗਹਿਰਾਈ ਨਾਲ ਪੜਤਾਲ ਕਰਨ ਦੇ ਉਪਰੰਤ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਕੁੱਲ 07 ਚੋਰੀਸ਼ੁਦਾ ਵਾਹਨ ਬਰਾਮਦ ਕੀਤੇ ਗਏ ਹਨ।

# ਐਸ.ਐਮ. ਓ. ਡਾ. ਲਖਵਿੰਦਰ ਸਿੰਘ ਦਾ ਨਿਯੁਕਤੀ ਤੇ ਸਨਮਾਨ

**ਮਾਛੀਵਾੜਾ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਸੀ.ਐਚ.ਸੀ. ਮਾਛੀਵਾੜਾ ਸਾਹਿਬ ਦੇ ਨਵ ਨਿਯੁਕਤ ਸੀਨੀਅਰ ਮੈਡੀਕਲ ਅਫ਼ਸਰ ਡਾ. ਲਖਵਿੰਦਰ ਸਿੰਘ ਦੀ ਨਿਯੁਕਤੀ ਦੀ ਖੁਸ਼ੀ ਵਜੋਂ ਪੈਰਾ ਮੈਡੀਕਲ ਯੂਨੀਅਨ ਮਾਛੀਵਾੜਾ ਸਾਹਿਬ ਵਲੋਂ ਡਾ. ਲਖਵਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ।

ਪੈਰਾ ਮੈਡੀਕਲ ਯੂਨੀਅਨ ਦੇ ਆਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਡਾ.ਲਖਵਿੰਦਰ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਨੂੰ ਆਖਿਆ ਗਿਆ।

ਡਾ ਲਖਵਿੰਦਰ ਸਿੰਘ ਨੇ ਆਪਣੇ ਸਟਾਫ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡਾ ਮੁੱਖ ਮਕਸਦ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਅਸੀਂ ਆਪਣੀ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗੇ।

ਸਮੁਚੇ ਸਟਾਫ਼ ਨੇ ਵੀ ਐਸ ਐਮ ਓ ਡਾ ਲਖਵਿੰਦਰ ਸਿੰਘ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਆਪਣੀ ਡਿਊਟੀ ਨੂੰ ਪਹਿਲਾਂ ਦੀ ਤਰ੍ਹਾਂ ਵਧੀਆ ਢੰਗ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ।

ਇਸ ਮੌਕੇ ਡਾ ਦਵਿੰਦਰ ਕੁਮਾਰ, ਡਾ ਨਵਰੀਤ ਕੌਰ ਸੋਹੀ,ਬਲਾਕ ਐਜੂਕੇਟਰ ਪਰਦੀਪ ਸਿੰਘ, ਸਰਬਜੀਤ ਸਿੰਘ ਬੀ ਐਸ ਏ,ਮਨਮੋਹਨ ਸਿੰਘ ਪਰਮਵੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਤਿੰਨੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ, ਕੁਲਵੀਰ ਕੌਰ ਅਮ੍ਰਿਤ ਕੌਰ ਅਤੇ ਕਮਲਜੀਤ ਕੌਰ ਤਿੰਨੇ ਐਲ ਐਚ ਵੀ, ਰਣਧੀਰ ਸਿੰਘ ਅਤੇ ਗਿਆਨ ਸਿੰਘ ਦੋਵੇਂ ਮਲਟੀਪਰਪਜ਼ ਹੈਲਥ ਵਰਕਰ ਮੇਲ, ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਅਸੀਂ ਆਪਣੀ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗੇ। ਸਮੁਚੇ ਸਟਾਫ਼ ਨੇ ਵੀ ਐਸ ਐਮ ਓ ਡਾ ਲਖਵਿੰਦਰ ਸਿੰਘ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਆਪਣੀ ਡਿਊਟੀ ਨੂੰ ਪਹਿਲਾਂ ਦੀ ਤਰ੍ਹਾਂ ਵਧੀਆ ਢੰਗ ਅਤੇ ਜਿੰਮੇਵਾਰੀ ਨਾਲ ਨਿਭਾਉਣਗੁਰਜੀਤ ਕੌਰ ਪੂਜਾ ਸਵਿਤਾ ਕੁਮਾਰੀ ਕਰਮਜੀਤ ਕੌਰ ਅਤੇ ਜਸਵਿੰਦਰ ਕੌਰ ਸਾਰੇ ਏ ਐਨ ਐਮ, ਗੁਰਪ੍ਰੀਤ ਕੌਰ ਸੀ ਐਚ ਓ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਐਸ ਐਮ ਓ ਡਾ ਲਖਵਿੰਦਰ ਦਾ ਸਨਮਾਨ ਕਰਦੇ ਹੋਏ ਪੈਰਾ ਮੈਡੀਕਲ ਯੂਨੀਅਨ ਦੇ ਆਹੁਦੇਦਾਰ ਅਤੇ ਸਮੂਹ ਮੈਂਬਰ।

# ਨਸ਼ੇ ਸਾਡੀ ਨੌਜਵਾਨ ਪੀੜ੍ਹੀ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ:ਪਰਮਿੰਦਰ ਭਲਵਾਨ




**ਪਟਿਆਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਵੱਲੋਂ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਰੋਟਰੈਕਟ ਕਲੱਬ ਥਾਪਰ ਇੰਸੀਚਿਊਟ ਆਫ ਟੈਕਨਾਲੋਜੀ ਦੇ ਸਹਿਯੋਗ ਨਾਲ ਕੀਤਾ ਗਿਆ ।ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ ਤੇ ਰਿਦਮ ਘਈ, ਅਰਮਾਨ ਮਲਿਕ, ਸ਼ੇਖਰ ਚੋਰਸੀਆ, ਸਨੇਹਾ ਬਰਨਾਵਲ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਗੁਰਪ੍ਰਤਾਪ ਸਿੰਘ ਸ਼ਾਹੀ, ਤੇਜਿੰਦਰ ਮਡੋੜ, ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਜਿਸ ਤਰ੍ਹਾਂ ਗੋਲਾ ਬਰੂਦ ਵਰਗੇ ਅੱਤਵਾਦ ਦੇ ਖਾਤਮੇ ਲਈ ਪਬਲਿਕ ਨੇ ਪੁਲਿਸ ਨੂੰ ਸਹਿਯੋਗ ਕੀਤਾ ਸੀ, ਉਸ ਤਰ੍ਹਾਂ ਹੁਣ ਪਬਲਿਕ ਨੂੰ ਨਸ਼ਿਆਂ ਵਰਗੇ ਅੱਤਵਾਦ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਥਾਪਰ ਇੰਸੀਚਿਊਟ ਆਫ ਟੈਕਨਾਲੋਜੀ ਦੇ ਰੋਟਰੈਕਟ ਕਲੱਬ ਦੀ ਟੀਮ ਵੱਲੋਂ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ ।ਉਹਨਾਂ ਕਿਹਾ ਕਿ ਨਸ਼ੇ ਸਾਡੀ ਨੋਜਵਾਨ ਪੀੜੀ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਜੋਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ੇ ਰੂਪੀ ਕੋਹੜ ਨੂੰ ਖਤਮ ਕਰਨ ਲਈ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਰਲਡ ਕੈਲੋਫੋਰਨੀਆਂ ਅਮਰੀਕਾ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੰਡੀਆਂ ਗਈਆਂ ।

# ਉਦਯੋਗ ਦੇ ਆਗੂਆਂ ਵੱਲੋਂ ਸੀਆਈਸੀਯੂ ਸੈਂਟਰ ਆਫ਼ ਐਕਸੀਲੈਂਸ ਦਾ ਦੌਰਾ




**ਲੁਧਿਆਣਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀਆਈਸੀਯੂ) ਨੂੰ ਮੈਟਰੋ ਟਾਇਰਜ਼ ਲਿਮਟਿਡ ਦੇ ਚੇਅਰਮੈਨ ਤੇ ਪ੍ਰਬੰਧਕ ਨਿਰਦੇਸ਼ਕ ਰੰਮੀ ਛਾਬੜਾ ਅਤੇ ਜੇਕੇ ਸਬਲੋਕ ਦੀ ਸੀਆਈਸੀਯੂ ਫੇਰੀ ਦੌਰਾਨ ਮੇਜ਼ਬਾਨੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੌਰੇ ਦੌਰਾਨ ਵਿਸ਼ੇਸ਼ ਮਹਿਮਾਨਾਂ ਨੇ ਸੀਆਈਸੀਯੂ ਦੇ ਸੈਂਟਰ ਆਫ਼ ਐਕਸੀਲੈਂਸ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਰਿਵਰਸ ਇੰਜੀਨੀਅਰਿੰਗ ਲੈਬ, ਆਵਾਧ ਸੀਪੀਐਸ ਲੈਬ-ਉੱਨਤ ਸਾਈਬਰ-ਭੌਤਿਕ ਪ੍ਰਣਾਲੀਆਂ, ਰੀਅਲ-ਟਾਈਮ ਡੇਟਾ ਏਕੀਕਰਣ ਅਤੇ ਉਤਪਾਦਕਤਾ ਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਸਮਾਰਟ ਨਿਰਮਾਣ ਹੱਲਾਂ ਨਾਲ ਉਦਯੋਗ ਨੂੰ ਸਮਰੱਥ ਬਣਾਉਣ ਸਮੇਤ ਮੁੱਖ ਸਹੂਲਤਾਂ ਨਾਲ ਏਆਈ ਲੈਬ ਬਾਰੇ ਜਾਣੂੰ ਕਰਵਾਇਆ ਗਿਆ। ਉਨ੍ਹਾਂ ਨੇ ਸੀਆਈਸੀਯੂ ਦੇ ਚੱਲ ਰਹੇ ਹੁਨਰ ਵਿਕਾਸ ਪਹਿਲਕਦਮੀਆਂ ਨੂੰ ਵੀ ਦੇਖਿਆ ਜਿਸ ਦਾ ਉਦੇਸ਼ ਉਦਯੋਗ ਦੇ ਮੈਂਬਰਾਂ ਨੂੰ ਉੱਨਤ ਤਕਨੀਕੀ ਸਮਰੱਥਾਵਾਂ ਅਤੇ ਭਵਿੱਖ ਲਈ ਤਿਆਰ ਯੋਗਤਾਵਾਂ ਨਾਲ ਸਸ਼ਕਤ ਬਣਾਉਣਾ ਹੈ। ਛਾਬੜਾ ਨੇ ਸੀਆਈਸੀਯੂ ਦੇ ਦੂਰਦਰਸ਼ੀ ਦ੍ਰਿਸ਼ਟੀਕੋਣ ਅਤੇ ਉਦਯੋਗ ਤੇ ਉੱਭਰ ਰਹੀਆਂ ਤਕਨਾਲੋਜੀਆਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਦੇ ਇਸ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਨੇ ਆਵਾਧ ਸੀਪੀਐਸ ਲੈਬ ਦੇ ਪ੍ਰਭਾਵ ਨੂੰ ਸਵੀਕਾਰ ਕੀਤਾ ਅਤੇ ਇਹ ਦੇਖ ਕੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਕਿਵੇਂ ਅਜਿਹੀਆਂ ਪਹਿਲਕਦਮੀਆਂ ਨਵੀਨਤਾ ਨੂੰ ਅੱਗੇ ਵਧਾ ਰਹੀਆਂ ਹਨ ਅਤੇ ਉਦਯੋਗਿਕ ਵਿਕਾਸ ਦਾ ਸਮਰਥਨ ਕਰ ਰਹੀਆਂ ਹਨ। ਸੀਆਈਸੀਯੂ ਨੇ ਛਾਬੜਾ ਦਾ ਉਦਯੋਗ ਦੇ ਲਾਭ ਲਈ ਅਜਿਹੇ ਉੱਨਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਦੇ ਨਿਰੰਤਰ ਸਮਰਥਨ ਅਤੇ ਕੀਮਤੀ ਯੋਗਦਾਨ ਲਈ ਦਿਲੋਂ ਧੰਨਵਾਦ ਵੀ ਕੀਤਾ। ਸਬਲੋਕ ਨੇ ਸੀਆਈਸੀਯੂ ਦੇ ਉਪਰਾਲਿਆਂ ਦੇ ਵਿਵਹਾਰਕ ਰੁਝਾਨ ਦੀ ਸ਼ਲਾਘਾ ਕੀਤੀ, ਐਮਐਸਐਮਈ ਵਿਚ ਉਤਪਾਦਕਤਾ, ਹੁਨਰ ਵਿਕਾਸ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਵਿਚ ਅਜਿਹੇ ਪਲੇਟਫਾਰਮਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਸੀਆਈਸੀਯੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਨੇ ਰੰਮੀ ਛਾਬੜਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੀਆਈਸੀਯੂ ਤਕਨਾਲੋਜੀ, ਹੁਨਰ ਵਿਕਾਸ ਅਤੇ ਸਹਿਯੋਗੀ ਪਹਿਲਕਦਮੀਆਂ ਰਾਹੀਂ ਉਦਯੋਗ ਦੇ ਪਰਿਵਰਤਨ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਮੈਟਰੋ ਟਾਇਰਸ ਵਰਗੇ ਉਦਯੋਗ ਦੇ ਆਗੂਆਂ ਦਾ ਸਮਰਥਨ ਭਵਿੱਖ ਲਈ ਤਿਆਰ ਉਦਯੋਗਿਕ ਈਕੋਸਿਸਟਮ ਬਣਾਉਣ ਦੇ ਸਾਡੇ ਮਿਸ਼ਨ ਨੂੰ ਮਜ਼ਬੂਤ ਕਰਦਾ ਹੈ। ਸੀਆਈਸੀਯੂ ਦੇ ਜਨਰਲ ਸਕੱਤਰ ਹਨੀ ਸੇਠੀ ਨੇ ਅੱਗੇ ਕਿਹਾ ਕਿ ਸੈਂਟਰ ਆਫ਼ ਐਕਸੀਲੈਂਸ ਉਦਯੋਗਿਕ ਚੁਣੌਤੀਆਂ ਦੇ ਵਿਹਾਰਕ ਸੰਪਰਕ ਅਤੇ ਅਸਲ-ਸਮੇਂ ਦੇ ਹੱਲ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਅਜਿਹੇ ਦੌਰੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਡੂੰਘੇ ਉਦਯੋਗ ਸਹਿਯੋਗ ਲਈ ਰਾਹ ਖੋਲ੍ਹਦੇ ਹਨ। ਇਹ ਦੌਰਾ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਉਦਯੋਗਿਕ ਖੇਤਰ ਦੇ ਵਿਕਾਸ ਤੇ ਆਧੁਨਿਕੀਕਰਨ ਵੱਲ ਕੰਮ ਜਾਰੀ ਰੱਖਣ ਦੇ ਸਾਂਝੇ ਦ੍ਰਿਸ਼ਟੀਕੋਣ ਨਾਲ ਸਮਾਪਤ ਹੋਇਆ।

# ਕੌਮਾਂਤਰੀ ਮਜਦੂਰ ਦਿਵਸ ਮੌਕੇ ਝੰਡਾ ਲਹਿਰਾ ਸ਼ਿਕਾਂਗੋ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਜਲੀ



**ਮਾਛੀਵਾੜਾ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਮਜ਼ਦੂਰ ਦਿਹਾੜੇ ਦੇ ਮੌਕੇ ਤੇ ਸਥਾਨਕ ਗਨੀ ਖਾਂ ਨਬੀ ਖਾਂ ਗੇਟ ਨੇੜੇ ਲੋਕ ਪੱਖੀ ਆਗੂਆਂ ਨੇ ਇਕੱਠੇ ਹੋ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਉਹਨਾਂ ਹਰ ਤਰਾਂ ਦੀ ਨਾ ਬਰਾਬਰੀ ਤੇ ਸਾਮਰਾਜਵਾਦ ਦੇ ਵਿਰੋਧ ਦਾ ਪ੍ਰਤੀਕ ਲਾਲ ਝੰਡਾ ਲਹਿਰਾ ਕੇ ਮਜਦੂਰ ਜਮਾਤ ਦੀ ਬੇਹਤਰੀ ਲਈ ਸਿੱਖਿਅਤ ਤੇ ਜਥੇਬੰਦ ਹੋਣ ਦਾ ਸੱਦਾ ਦਿੱਤਾ। ਰਿਕਸ਼ਾ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਤੇ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਸੀਟੂ ਦੇ ਤਹਿਸੀਲ ਜਨਰਲ ਸਕੱਤਰ ਕਾਮਰੇਡ ਰਣਜੀਤ ਸਿੰਘ ਦੀ ਪ੍ਰਧਾਨਗੀ ਮੰਡਲ ਹੇਠ ਹੋਏ ਇਸ ਸਮਾਗਮ ਦੌਰਾਨ ਮਜਦੂਰ ਦਿਵਸ ਦੇ ਇਤਿਹਾਸ ਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਲੋਕ ਸੰਘਰਸ਼ ਕਮੇਟੀ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਸੰਦੀਪ ਸ਼ਰਮਾ,ਜਥੇਬੰਦਕ ਸਕੱਤਰ ਦਰਸ਼ਨ ਸਿੰਘ ਮਿੱਠੂ ਨੇ ਕਿਹਾ ਕਿ ਅੱਜ ਖੱਬੇਪੱਖੀ ਤੇ ਲੋਕ ਪੱਖੀ ਧਿਰਾਂ ਨੂੰ ਕਮਜੋਰ ਕਰਕੇ ਸਾਮਰਾਜੀ ਤਾਕਤਾਂ ਮਜ਼ਦੂਰਾਂ ਵੱਲੋਂ ਕੀਮਤੀ ਜਿੰਦਗੀਆਂ ਦੀਆਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀਆਂ ਸਹੂਲਤਾਂ ਨੂੰ ਵੀ ਖਤਮ ਕੀਤਾ ਜਾ ਰਿਹਾ ਹੈ। ਇਸ ਲਈ ਮਿਹਨਤਕਸ਼ ਲੋਕਾਂ ਨੂੰ ਧਰਮਾਂ/ ਜਾਤਾਂ ਦੀ ਲੜਾਈ ਵਿਚ ਉਲਝਾਇਆ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਨਿਰਮਲ ਸਿੰਘ,ਟੈਕਸੀ ਯੂਨੀਅਨ ਵੱਲੋਂ ਹਰਬੰਸ ਸਿੰਘ, ਹਰਜਿੰਦਰ ਸਿੰਘ,ਸਤਨਾਮ ਸਿੰਘ,ਗੁਰਨਾਮ ਸਿੰਘ, ਕ੍ਰਿਪਾਲ ਸਿੰਘ,ਗੁਰਮੀਤ ਸਿੰਘ ਬੱਬਨਦੀਪ ਸਿੰਘ ਬੱਬੂ,ਰਣਜੀਤ ਸਿੰਘ ,ਸਿਮਰਨਜੀਤ ਸਿੰਘ ਅਤੇ ਸੌਰਵ ਆਦਿ ਮੌਜੂਦ ਸਨ।

# ਮਜ਼ਦੂਰ ਦਿਵਸ ਮੌਕੇ ਡਾ. ਰਮਨਦੀਪ ਸਿੰਘ ਜੈਤੋ ਵੱਲੋਂ ਮਜ਼ਦੂਰਾਂ ਦਾ ਵਿਸ਼ੇਸ਼ ਸਨਮਾਨ



**ਜੈਤੋਂ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਜ਼ਦੂਰ ਦਿਵਸ ਦੇ ਮੌਕੇ 'ਤੇ ਇਲਾਕੇ ਵਿੱਚ ਕੰਮ ਕਰ ਰਹੇ ਮਜ਼ਦੂਰ ਭਰਾਵਾਂ ਅਤੇ ਭੈਣਾਂ ਦਾ ਵਿਸ਼ੇਸ਼ ਸਨਮਾਨ ਸਮਾਜ ਸੇਵੀ ਡਾ. ਰਮਨਦੀਪ ਸਿੰਘ ਜੈਤੋ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਕੰਮਕਾਜ ਵਾਲੇ ਸਥਾਨਾਂ 'ਤੇ ਜਾ ਕੇ ਮਜ਼ਦੂਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਰੋਪੇ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।

ਸੰਬੋਧਨ ਕਰਦੇ ਹੋਏ ਡਾ. ਜੈਤੋ ਨੇ ਕਿਹਾ ਕਿ ਮਜ਼ਦੂਰ ਵਰਗ ਸਮਾਜ ਦੀ ਰੀੜ ਦੀ ਹੱਡੀ ਹੈ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਵਿੱਚ ਉਨ੍ਹਾਂ ਦਾ ਯੋਗਦਾਨ ਅਹਿਮ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੀ ਮਹਨਤ ਨਾਲ ਹੀ ਇਮਾਰਤਾਂ, ਸੜਕਾਂ ਅਤੇ ਉਦਯੋਗ ਖੜ੍ਹੇ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਕਦਰ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸਰਕਾਰ ਅਤੇ ਸਮਾਜ ਨੂੰ ਅਪੀਲ ਕੀਤੀ ਕਿ ਮਜ਼ਦੂਰਾਂ ਦੀ ਭਲਾਈ ਲਈ ਵਧੀਆ ਸਹੂਲਤਾਂ ਅਤੇ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਜਾਣ।

ਇਸ ਮੌਕੇ ਮਜ਼ਦੂਰਾਂ ਨੇ ਵੀ ਡਾ. ਰਮਨਦੀਪ ਸਿੰਘ ਜੈਤੋ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਨਾਲ ਉਨ੍ਹਾਂ ਨੂੰ ਆਪਣੇ ਕੰਮ 'ਤੇ ਮਾਣ ਮਹਿਸੂਸ ਹੁੰਦਾ ਹੈ ਅਤੇ ਉਹ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਹੁੰਦੇ ਹਨ।

ਅੰਤ ਵਿੱਚ, ਸਾਰੇ ਮਜ਼ਦੂਰਾਂ ਦੀ ਚੜ੍ਹਦੀ ਕਲਾ, ਤੰਦਰੁਸਤੀ ਅਤੇ ਖੁਸ਼ਹਾਲੀ ਲਈ ਦੁਆ ਕੀਤੀ ਗਈ ਅਤੇ ਇਸ ਤਰ੍ਹਾਂ ਦੇ ਸਮਾਜਕ ਉਪਰਾਲੇ ਜਾਰੀ ਰੱਖਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਮਿਸਤਰੀ ਸੋਨਾ ਕਰੀਰਵਾਲੀ, ਗੁਰਮੀਤ ਰਾਮੇਆਣਾ, ਮਹਿਕ ਰਾਮੇਆਣਾ, ਯੁਵਾ ਮੋਰਚਾ ਯੂਥ ਸੈਕਟਰੀ ਫਰੀਦਕੋਟ ਵੀ ਹਾਜ਼ਰ ਸਨ।

ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਭਾਰਤ ਦੇ ਮਾਣਯੋਗ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਦਾ ਚੰਡੀਗੜ੍ਹ ਹਵਾਈ ਅੱਡੇ @ਤੇ ਨਿੱਘਾ ਸੁਆਗਤ ਕੀਤਾ ਅਤੇ ਸ਼ਿਮਲਾ ਤੋਂ ਦਿੱਲੀ ਦੇ ਟ੍ਰਾਂਜ਼ਿਟ ਪ੍ਰਵਾਸ ਦੇ ਦੌਰਾਨ ਉਨ੍ਹਾਂ ਨੂੰ ਸਨਮਾਨ ਸਹਿਤ ਵਿਦਾ ਕੀਤਾ।

# ਸਵਾਮੀ ਬ੍ਰਹਮ ਮੁਨੀ ਜੀ ਭਾਰਤ ਵਿਭੂਸ਼ਣ ਅਵਾਰਡ ਨਾਲ ਸਨਮਾਨਿਤ




**ਜੈਤੋਂ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਰਜਿ. ਦੇ ਚੀਫ਼ ਪੈਟਰਨ ਸਵਾਮੀ ਬ੍ਰਹਮ ਮੁਨੀ ਜੀ ਜਲਾਲ ਵਾਲਿਆਂ ਨੂੰ ਦੇਸ਼ ਦੇ ਪ੍ਰਤਿਸ਼ਠਿਤ ਭਾਰਤ ਵਿਭੂਸ਼ਣ ਸਨਮਾਨ-2026 ਨਾਲ ਨਿਵਾਜਿਆ ਗਿਆ। ਇਹ ਸਨਮਾਨ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਪੰਜਾਬ ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ਇੰਸਟੀਚਿਊਟ ਫਾਰ ਸੋਸ਼ਲ ਰਿਫਾਰਮ ਐਂਡ ਹਾਇਅਰ ਐਜੂਕੇਸ਼ਨ ਚੈਰੀਟੇਬਲ ਟਰੱਸਟ ਵਲੋਂ ਕਰਵਾਏ ਗਏ ਰਾਸ਼ਟਰੀ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ ਜੋ ਆਪਣੇ ਖੇਤਰ ਵਿਚ ਉੱਤਮਤਾ ਦੇ ਨਵੇਂ ਮਾਪਦੰਡ ਸਥਾਪਿਤ ਕਰਦੇ ਹੋਏ ਰਾਸ਼ਟਰ ਨਿਰਮਾਣ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਸਵਾਮੀ ਬ੍ਰਹਮ ਮੁਨੀ ਜੀ ਜਲਾਲ ਵਾਲਿਆਂ ਨੂੰ ਇਹ ਮਾਣ ਉਨ੍ਹਾਂ ਵਲੋਂ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਨਿਸ਼ਕਾਮ ਸਮਾਜ ਸੇਵਾ, ਮਨੁੱਖਤਾ ਦੀ ਭਲਾਈ ਅਤੇ ਆਧਿਆਤਮਿਕ ਜਾਗਰੂਕਤਾ ਲਈ ਮਿਲਿਆ ਹੈ। ਉਨ੍ਹਾਂ ਦੀ ਸੇਵਾ ਸਿਰਫ਼ ਸਥਾਨਕ ਪੱਧਰ ਤੱਕ ਸੀਮਿਤ ਨਹੀਂ ਰਹੀ, ਸਗੋਂ ਵੱਖ-ਵੱਖ ਖੇਤਰਾਂ ਵਿਚ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਕੇ ਉਹਨਾਂ ਨੇ ਵਿਸ਼ਾਲ ਪੱਧਰ 'ਤੇ ਆਪਨੀ ਪਹਿਚਾਣ ਬਣਾਈ ਹੈ। ਸਮਾਗਮ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਮਾਣਯੋਗ ਹਸਤੀਆਂ ਦੀ ਹਾਜ਼ਰੀ ਵਿਚ ਸਵਾਮੀ ਜੀ ਦੀਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਮੌਜੂਦ ਦਰਸ਼ਕਾਂ ਨੇ ਵੀ ਖੜ੍ਹੇ ਹੋ ਕੇ ਤਾਲੀਆਂ ਵਜਾ ਕੇ ਉਨ੍ਹਾਂ ਦਾ ਸਨਮਾਨ ਕੀਤਾ, ਜੋ ਉਨ੍ਹਾਂ ਦੀ ਲੋਕਪ੍ਰਿਯਤਾ ਅਤੇ ਸੇਵਾ ਭਾਵਨਾ ਦਾ ਪ੍ਰਤੀਕ ਸੀ। ਇਸ ਮੌਕੇ ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਜਲਾਲ ਵਾਲਿਆਂ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਸਵਾਮੀ ਬ੍ਰਹਮ ਮੁਨੀ ਜੀ ਲਈ ਹੀ ਨਹੀਂ, ਸਗੋਂ ਪੂਰੇ ਇਲਾਕੇ ਅਤੇ ਸੰਸਥਾ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੇਵਾ ਦੇ ਰਸਤੇ 'ਤੇ ਚੱਲ ਰਹੇ ਹੋਰ ਸੇਵਾਦਾਰਾਂ ਨੂੰ ਵੀ ਨਵੀਂ ਪ੍ਰੇਰਣਾ ਮਿਲੇਗੀ ਅਤੇ ਸੰਸਥਾ ਦੇ ਉਦੇਸ਼ਾਂ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸੇ ਤਰ੍ਹਾਂ ਦੇ ਸੰਤ ਗੰਗਾ ਰਾਮ ਜੀ ਪ੍ਰਧਾਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਨੇ ਕੁਲਤਾਰ ਸਿੰਘ ਸੰਧਵਾਂ 'ਤੇ ਇੰਸਟੀਚਿਊਟ ਫਾਰ ਸਸ਼ੋਲ ਰਿਫਾਰਮ ਐਂਡ ਹਾਇਅਰ ਐਜੂਕੇਸ਼ਨ ਚੈਰੀਟੇਬਲ ਟਰੱਸਟ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਦਿਨ ਸੰਸਥਾ ਦੇ ਇਤਿਹਾਸ ਵਿਚ ਇੱਕ ਚੰਗੇ ਅਧਿਆਇ ਵਜੋਂ ਦਰਜ ਹੋਵੇਗਾ। ਉਨ੍ਹਾਂ ਕਿਹਾ ਕਿ ਸਨਮਾਨ ਮਿਲਣ ਨਾਲ ਸੰਸਥਾ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ ਅਤੇ ਉਹ ਭਵਿੱਖ ਵਿੱਚ ਵੀ ਸਮਾਜ ਦੀ ਭਲਾਈ ਲਈ ਇਸੇ ਤਰ੍ਹਾਂ ਨਿਰੰਤਰ ਯਤਨ ਕਰਦੀ ਰਹੇਗੀ। ਇਸ ਉਪਲਬਧੀ ਨਾਲ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦਾ ਨਾਮ ਰਾਸ਼ਟਰੀ ਪੱਧਰ 'ਤੇ ਚਮਕਿਆ ਹੈ ਅਤੇ ਇਹ ਸਨਮਾਨ ਨੌਜਵਾਨ ਪੀੜ੍ਹੀ ਲਈ ਵੀ ਪ੍ਰੇਰਣਾ ਦਾ ਸਰੋਤ ਬਣਿਆ ਹੈ ਕਿ ਨਿਸ਼ਕਾਮ ਸੇਵਾ ਅਤੇ ਇਮਾਨਦਾਰੀ ਨਾਲ ਕੀਤਾ ਕੰਮ ਹਮੇਸ਼ਾਂ ਮਾਣ ਦਿਵਾਉਂਦਾ ਹੈ।

# ਵਿਦਿਅਕ ਅਤੇ ਸਿਖਲਾਈ ਕੇਂਦਰ ਸਮੇਂ ਦੀ ਮੁੱਖ ਲੋੜ: ਗੋਗਾ



**ਲੁਧਿਆਣਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਂਸਲਰ ਸੋਹਨ ਸਿੰਘ ਗੋਗਾ ਵੱਲੋਂ ਨਿਊ ਜਨਤਾ ਨਗਰ ਵਿਖੇ ਲੜਕੀਆਂ ਅਤੇ ਘਰੇਲੂ ਔਰਤਾਂ ਨੂੰ ਕਿੱਤਾ ਮੁਖੀ ਕੋਰਸ ਕਰਵਾ ਕੇ ਆਤਮ ਨਿਰਭਰ ਕਰਵਾਉਣ ਦੇ ਮੰਤਵ ਦੇ ਨਾਲ ਖੋਲੇ ਗਏ ਦੀਪ ਸਿਲਾਈ ਕਢਾਈ ਸਕੂਲ ਦਾ ਉਦਘਾਟਨ ਕੀਤਾ ਗਿਆ। ਅਦਾਰੇ ਦੇ ਮੁੱਖ ਨਿਰਦੇਸ਼ਕ ਕਰਮਦੀਪ ਸਿੰਘ ਬਿਰਦੀ, ਪ੍ਰਿੰਸੀਪਲ ਗੁਰਦੀਪ ਕੌਰ ਬਿਰਦੀ. ਅਧਿਆਪਕ ਸਰਿਤਾ ਵਾਲੀਆ ਅਤੇ ਜਤਿੰਦਰ ਕੌਰ ਨੇ ਆਏ ਮਹਿਮਨਾਂ ਨੂੰ ਜੀ ਆਇਆ ਕਿਹਾ। ਸਮਾਗਮ ਦੌਰਾਨ ਵਿਦਿਆਰਥਣਾਂ ਅਰਸ਼ਦੀਪ ਕੌਰ ਦੇਵਗਨ, ਗੁਰਪ੍ਰੀਤ ਕੌਰ ਸੋਖੀ, ਜਗਦੇਵ ਕੌਰ ਰਿਐਤ, ਜਸਮੀਨ ਕੌਰ, ਜੋਤੀ ਸ਼ਰਮਾ, ਮਨਜੋਤ ਕੌਰ ਮੁੰਡੇ, ਮਨਦੀਪ ਕੌਰ ਭੰਮਰਾ, ਚਰਨਜੀਤ ਕੌਰ ਉੱਭੀ, ਪ੍ਰਭਲੀਨ ਕੌਰ ਸਾਲੋਪਾਲ, ਸਿਮਰਨ ਕੌਰ, ਕਮਲਪ੍ਰੀਤ ਕੌਰ, ਮਨਦੀਪ ਕੌਰ, ਸਰੁਤੀ ਜੈਨ, ਦੀਪ ਕਮਲ ਕੌਰ ਸੋਹਲ ਤੇ ਗੁਰਪ੍ਰੀਤ ਕੌਰ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਗੋਗਾ ਨੇ ਸਮਾਰੋਹ ਨੂੰ ਸੰਬੋਧਨ ਕਰਦਿਆਂ ਅਜਿਹੇ ਵਿਦਿਅਕ ਅਤੇ ਸਿਖਲਾਈ ਕੇਂਦਰਾਂ ਨੂੰ ਸਮੇਂ ਦੀ ਮੁੱਖ ਲੋੜ ਦੱਸਿਆ ਅਤੇ ਹਰ ਲੜਕੀ ਦੇ ਲਈ ਸਿਲਾਈ ਕਢਾਈ, ਖਾਣਾ ਬਣਾਉਣਾ ਅਤੇ ਖੁਦ ਦਾ ਮੇਕਅਪ ਕਰਨਾ ਜਰੂਰੀ ਕਹਿੰਦਿਆਂ ਬਿਰਦੀ ਪਰਿਵਾਰ ਨੂੰ ਅਜਿਹੇ ਕੋਰਸਾਂ ਨੂੰ ਵੀ ਸ਼ੁਰੂ ਕਰਨ ਲਈ ਪ੍ਰੇਰਤ ਕੀਤਾ।

# ਏਵੀਓਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਏਵੀਓਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਕੌਂਸਲ ਵਲੋਂ ਐਲਾਨੇ ਗਏ ਨਤੀਜਿਆਂ ਵਿਚ ਹਰ ਸਾਲ ਦੀ ਤਰ੍ਹਾਂ ਮੱਲਾਂ ਮਾਰਦੇ ਹੋਏ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਕੌਂਸਲ ਵਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿਚ ਵਿਦਿਆਰਥਣ ਗੁਰਲੀਨ ਕੌਰ ਨੇ 95.2 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਸਕੂਲ 'ਚੋਂ ਪਹਿਲਾ, ਤਮਨਪ੍ਰੀਤ ਕੌਰ ਤੇ ਰਵਨੀਤ ਕੌਰ ਸੈਣੀ ਨੇ 94.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਪਰਮੀਤ ਕੌਰ ਨੇ 94.2 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੱਲ 7 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਉੱਪਰ ਅੰਕ ਹਾਸਿਲ ਕੀਤੇ, ਇਸਦੇ ਨਾਲ ਹੀ 18 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਉੱਪਰ, 19 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਉੱਪਰ ਅਤੇ 32 ਵਿਦਿਆਰਥੀਆਂ ਨੇ 60 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਕੌਂਸਲ ਵਲੋਂ ਐਲਾਨੇ ਗਏ ਬਾਰ੍ਹਵੀਂ ਕਾਲਸ ਦੇ ਨਤੀਜਿਆਂ 'ਚ ਵਿਦਿਆਰਥਣ ਅੰਜਲੀ ਮਾਨ ਨੇ 94.7 ਪ੍ਰਤੀਸ਼ਤ ਅੰਕ ਹਾਸਿਲ ਕਰਕੇ ਸਕੂਲ 'ਚੋਂ ਪਹਿਲਾ, ਹਰਲੀਨ ਕੌਰ ਨੇ 90.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 8 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਉੱਪਰ, 14 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਉੱਪਰ, 22 ਵਿਦਿਆਰਥੀਆਂ ਨੇ 60 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦਾ ਨਤੀਜਾ 100 ਫੀਸਦੀ ਰਿਹਾ।

ਸਕੂਲ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਅਤੇ ਉਪ ਪ੍ਰਧਾਨ ਹਰਿੰਦਰਪਾਲ ਸਿੰਘ, ਸੈਕੇਟਰੀ ਸਿਮਰਨਪ੍ਰੀਤ ਕੌਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਸਕੂਲ ਦੇ ਚੀਫ਼ ਐਡਮਿੰਨ ਜਸਕਰਨ ਸਿੰਘ, ਮਹਿਕਦੀਪ ਕੌਰ ਅਤੇ ਕੋਆਰਡੀਨੇਟਰ ਮਨਦੀਪ ਕੌਰ ਸੇਖੋਂ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਅਨਾਜ ਮੰਡੀਆਂ ਵਿੱਚ ਲੱਗੇ ਬੋਰੀਆਂ ਦੇ ਅੰਬਾਰ, ਕਿਸਾਨਾਂ ਦੀ ਸੋਨੇ ਰੰਗੀ ਫਸਲ ਸਾਂਭਣ ਵਿੱਚ ਸਰਕਾਰ ਹੋਈ ਫੇਲ੍ਹ :ਵਨੀਤ ਝੜੌਦੀ



**ਮਾਛੀਵਾੜਾ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ ਦੀਆਂ ਅਨਾਜ ਮੰਡੀਆਂ ਵਿੱਚ ਅਨਾਜ ਦੀਆਂ ਬੋਰੀਆਂ ਦੇ ਲੱਗੇ ਹੋਏ ਅੰਬਾਰ ਅਤੇ ਲਿਫਟਿੰਗ ਦੀ ਹੋ ਰਹੀ ਵੱਡੀ ਸਮੱਸਿਆ ਨੇ ਸਰਕਾਰ ਨੂੰ ਇੱਕ ਵਾਰੀ ਫੇਰ ਮੰਡੀ ਪ੍ਰਬੰਧ ਵਿੱਚ ਫਿਰ ਫੇਲ੍ਹ ਸਾਬਤ ਕੀਤਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਬਲਾਕ ਮੀਡੀਆ ਇੰਚਾਰਜ ਵਿਨੀਤ ਕੁਮਾਰ ਝੜੌਦੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਫਸਲ ਦਾ ਕੰਮ ਮੁੱਕਣ ਦੇ ਇੰਨੇ ਦਿਨ ਬੀਤਣ ਦੇ ਬਾਵਜੂਦ ਅਨਾਜ ਮੰਡੀਆਂ ਵਿੱਚ ਰੁਲ ਰਿਹਾ ਹੈ ਅਤੇ ਸਰਕਾਰ ਕੋਲ ਲਿਫਟਿੰਗ ਦਾ ਪ੍ਰਬੰਧ ਹੀ ਨਹੀਂ ਹੋ ਰਿਹਾ। ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਕਾਂਗਰਸ ਸਰਕਾਰ ਨੂੰ ਯਾਦ ਕਰ ਰਹੇ ਹਨ ਜਿਸ ਵੇਲੇ ਕਿਸਾਨਾਂ ਦਾ ਇੱਕ-ਇੱਕ ਦਾਨਾ ਸਮੇਂ ਤੇ ਮੰਡੀਆਂ ਵਿੱਚੋਂ ਚੁੱਕ ਲਿਆ ਜਾਂਦਾ ਸੀ ਅਤੇ ਕਿਸੇ ਵੀ ਕਿਸਾਨ ਭਰਾ ਜਾਂ ਆੜ੍ਹਤੀ ਵੀਰ ਨੂੰ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਸੀ,ਪਰ ਅੱਜ ਕਿਸਾਨ ਵੀ ਪਰੇਸ਼ਾਨ ਹੈ ਅਤੇ ਆੜ੍ਹਤੀ ਉਸ ਤੋਂ ਵੀ ਵੱਧ ਪਰੇਸ਼ਾਨ ਹਨ। ਜਿਨ੍ਹਾਂ ਨੂੰ ਆਪਣੀ ਫਸਲ ਚੁਕਾਉਣ ਲਈ ਕਈ ਥਾਵਾਂ ਤੇ ਪਰ ਬੋਰੇ ਦੇ ਹਿਸਾਬ ਨਾਲ ਵਾਧੂ ਪੈਸੇ ਵੀ ਦੇਣੇ ਪੈ ਰਹੇ ਹਨ।

ਮੰਡੀਆਂ ਵਿੱਚ ਕਈ ਦਿਨ ਅਨਾਜ ਪਿਆ ਰਹਿਣ ਕਾਰਨ ਕੁਝ ਸ਼ਰਾਰਤੀ ਅਨਸਰ ਮੰਡੀ ਵਿੱਚੋਂ ਅਨਾਜ ਦੇ ਥੈਲੇ ਚੋਰੀ ਕਰਨ ਲੱਗ ਗਏ ਹਨ ਜਿਸ ਨਾਲ ਆੜ੍ਹਤੀਆਂ ਨੂੰ ਹੋਰ ਘਾਟਾ ਪੈ ਰਿਹਾ ਹੈ , ਕਿਉਂਕਿ ਇੱਕ ਤਾਂ ਇੰਨੇ ਦਿਨ ਅਨਾਜ ਮੰਡੀ ਵਿੱਚ ਪਿਆ ਰਹਿਣ ਨਾਲ ਸੁੱਕ ਕੇ ਉਸ ਦਾ ਵਜਨ ਘੱਟ ਹੋ ਰਿਹਾ ਦੂਜੇ ਪਾਸੇ ਚੋਰੀ ਦੀਆਂ ਘਟਨਾਵਾਂ ਨੇ ਪਰੇਸ਼ਾਨੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ।

ਉਹਨਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਮੰਡੀਆਂ ਵਿੱਚੋਂ ਅਨਾਜ ਜਲਦ ਤੋਂ ਜਲਦ ਚੁਕਾਇਆ ਜਾਵੇ ਤਾਂ ਜੋ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਜਲਦ ਨਿਪਟਾਰਾ ਹੋ ਸਕੇ।

# ਫੋਕਲ ਪੁਆਇੰਟ ਤੇ ਹੋਰ ਇੰਡਸਟ੍ਰੀ ਨਾਲ ਜੁੜਦੇ ਵਿਭਾਗਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ : ਡਾ. ਹਿਮਾਂਸ਼ੂ ਅਗਰਵਾਲ



**ਪਟਿਆਲਾ, 3 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ ਵਿੱਚ ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰਨ ਅਤੇ ਇੰਡਸਟ੍ਰੀ ਵਿਭਾਗ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਅੱਜ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇੱਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਉਦਯੋਗਿਕ ਸੰਸਥਾਵਾਂ ਦੇ ਨੁਮਾਇੰਦੇ, ਇੰਡੀਸਟ੍ਰੀ ਵਿਭਾਗ ਅਤੇ ਸਬੰਧਤ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਟਿੰਗ ਦਾ ਮੁੱਖ ਉਦੇਸ਼ ਇੰਡਸਟ੍ਰੀ ਵਿਭਾਗ ਵੱਲੋਂ ਪਟਿਆਲਾ ਫੋਕਲ ਪੁਆਇੰਟ ਵਿੱਚ ਦਰਪੇਸ਼ ਆ ਰਹੀਆਂ ਪ੍ਰਸ਼ਾਸਨਿਕ, ਬਿਜਲੀ, ਪਾਣੀ, ਟੈਕਸੇਸ਼ਨ, ਲਾਇਸੈਂਸਿੰਗ ਅਤੇ ਬੁਨਿਆਦੀ ਢਾਂਚੇ ਨਾਲ ਜੁੜੀਆਂ ਮੁਸ਼ਕਲਾਂ ਦੀ ਪਹਿਚਾਣ ਕਰਕੇ ਉਨ੍ਹਾਂ ਦਾ ਹਲ ਕਰਨਾ ਹੈ।

ਡਿਪਟੀ ਕਮਿਸ਼ਨਰ ਨੇ ਇਹ ਵੀ ਸਪਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਦਯੋਗਿਕ ਵਿਕਾਸ ਨੂੰ ਪ੍ਰਾਥਮਿਕਤਾ ਦੇ ਰਿਹਾ ਹੈ ਅਤੇ ਕਿਸੇ ਵੀ ਇੰਡਸਟ੍ਰੀ ਨੂੰ ਬੇਵਜ੍ਹਾ ਪ੍ਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ।

ਮੀਟਿੰਗ ਦੌਰਾਨ ਇੰਡਸਟ੍ਰੀ ਵਿਭਾਗ ਦੇ ਅਧਿਕਾਰੀਆਂ ਨੇ ਆਪਣੀਆਂ ਸਮੱਸਿਆਵਾਂ ਵਿਸਥਾਰ ਨਾਲ ਰੱਖੀਆਂ। ਉਨ੍ਹਾਂ ਨੇ ਖਾਸ ਤੌਰ 'ਤੇ ਉਦਯੋਗਿਕ ਖੇਤਰਾਂ ਵਿੱਚ ਸੜਕਾਂ ਦੀ ਹਾਲਤ, ਡਰੇਨੇਜ ਪ੍ਰਣਾਲੀ, ਬਿਜਲੀ ਸਪਲਾਈ ਦੀ ਅਸਥਿਰਤਾ ਅਤੇ ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਦੀ ਕਮੀ ਵਰਗੇ ਮੁਦਿੱਆਂ ਨੂੰ ਪੇਸ਼ ਕੀਤਾ।

ਡਾ. ਹਿਮਾਂਸ਼ੂ ਅਗਰਵਾਲ ਨੇ ਸਾਰੇ ਮੁੱਦਿਆਂ ਨੂੰ ਧਿਆਨ ਨਾਲ ਸੁਣਿਆ ਅਤੇ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਮੁੱਖ ਉਦੇਸ਼ ਵਪਾਰਕ ਕਾਰਜਾਂ ਦੀ ਸੁਚਾਰੂ ਅਤੇ ਸੁਗਮ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਹੈ ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇੰਡਸਟ੍ਰੀ ਵਿਭਾਗ ਦੇ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਇਆ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲੰਬਿਤ ਫਾਈਲਾਂ ਨੂੰ ਤੁਰੰਤ ਹੱਲ ਕੀਤਾ ਜਾਵੇ। ਇਸਦੇ ਨਾਲ ਹੀ ਹਰ ਮਹੀਨੇ ਨਿਯਮਤ ਸਮੀਖਿਆ ਮੀਟਿੰਗਾਂ ਕਰਕੇ ਉਦਯੋਗਿਕ ਮਾਹੌਲ ਨੂੰ ਸੁਧਾਰਨ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਇੰਡਸਟ੍ਰੀ ਵਿਭਾਗ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਉਦਯੋਗਿਕ ਵਿਕਾਸ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਇੰਡਸਟ੍ਰੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਉਹ ਆਪਣੇ ਸੁਝਾਅ ਅਤੇ ਸਮੱਸਿਆਵਾਂ ਨਿਰੰਤਰ ਪ੍ਰਸ਼ਾਸਨ ਨਾਲ ਸਾਂਝੀਆਂ ਕਰਦੇ ਰਹਿਣ ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਹੱਲ ਕੀਤਾ ਜਾ ਸਕੇ।

# ਜੇਜੋਂ-ਫਗਵਾੜਾ ਰੇਲ ਸੰਪਰਕ ਸ਼ੁਰੂ ਹੋਣ ਨਾਲ ਲੋਕਾਂ ਦੀ ਚਿਰੋਕਲੀ ਮੰਗ ਹੋਈ ਪੂਰੀ : ਡਾ. ਇਸ਼ਾਂਕ ਕੁਮਾਰ

**➢ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਰੇਲ ਮੰਤਰੀ ਕੋਲ ਚੁੱਕਿਆ ਸੀ ਮੁੱਦਾ**
**➢ ਕੰਢੀ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼ ਦੇ ਵਸਨੀਕਾਂ ਨੂੰ ਵੀ ਮਿਲੇਗੀ ਵੱਡੀ ਸਹੂਲਤ**




**ਹੁਸ਼ਿਆਰਪੁਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਜੇਜੋਂ-ਫਗਵਾੜਾ ਰੇਲ ਸੇਵਾ ਦੀ ਸ਼ੁਰੂਆਤ ਮੌਕੇ ਕਿਹਾ ਕਿ ਇਹ ਰੇਲ ਸੰਪਰਕ ਸ਼ੁਰੂ ਹੋਣ ਨਾਲ ਨਾ ਸਿਰਫ਼ ਲੋਕਾਂ ਦੀ ਚਿਰੋਕਲੀ ਮੰਗ ਪੂਰੀ ਹੋਈ ਹੈ ਸਗੋਂ ਇਸ ਨਾਲ ਕੰਢੀ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੇ ਵਸਨੀਕਾਂ ਨੂੰ ਵੀ ਸੁਖਾਲੀ ਆਵਾਜਾਈ ਦੀ ਵੱਡੀ ਸਹੂਲਤ ਮਿਲੇਗੀ।

ਜੇਜੋਂ ਰੇਲਵੇ ਸਟੇਸ਼ਨ ਤੋਂ ਬੀਤੇ ਦਿਨ ਫਗਵਾੜਾ ਲਈ ਰੇਲ ਨੂੰ ਝੰਡੀ ਦੇ ਕੇ ਰਵਾਨਾ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਕੰਢੀ ਖੇਤਰ ਨੂੰ ਪੰਜਾਬ ਦੇ ਵੱਖ-ਵੱਖ ਕੋਨਿਆਂ ਨਾਲ ਜੋੜਨ ਵਾਲਾ ਇਹ ਮੁੱਖ ਰੇਲ ਸੰਪਰਕ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਸੀ ਜਿਸ ਨਾਲ ਲੋਕ ਰੇਲ ਆਵਾਜਾਈ ਦੀ ਸਹੂਲਤ ਤੋਂ ਵਾਂਝੇ ਹੋ ਗਏ ਸਨ। ਉਨ੍ਹਾਂ ਕਿਹਾ ਕਿ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪਹਿਲਾਂ ਲੋਕ ਸਭਾ ਅਤੇ ਫਿਰ ਨਿੱਜੀ ਤੌਰ 'ਤੇ ਕੇਂਦਰੀ ਰੇਲ ਮੰਤਰੀ ਕੋਲ ਇਹ ਜਨਤਕ ਮੁੱਦਾ ਰੱਖਿਆ ਜਿਸ ਉਪਰੰਤ ਹੁਣ ਇਹ ਰੇਲ ਸੇਵਾ ਸ਼ੁਰੂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜੇਜੋਂ ਵਪਾਰਕ ਗਤੀਵਿਧੀਆਂ ਦਾ ਧੁਰਾ ਰਿਹਾ ਹੈ ਜਿਸ ਕਰਕੇ ਦੋਆਬਾ ਖੇਤਰ ਵਿਚ ਇਸ ਖਿੱਤੇ ਦੀ ਵਿਲੱਖਣ ਮਹੱਤਤਾ ਹੈ। ਉਨ੍ਹਾਂ ਕਿਹਾ ਕਿ ਰੇਲ ਸੇਵਾ ਸ਼ੁਰੂ ਹੋਣ ਨਾਲ ਜੇਜੋਂ ਤੋਂ ਨਵਾਂਸ਼ਹਿਰ ਵਾਇਆ ਸੈਲਾ-ਗੜ੍ਹਸ਼ੰਕਰ ਅਤੇ ਨਵਾਂਸ਼ਹਿਰ ਤੋਂ ਫਗਵਾੜਾ ਤੱਕ ਦੀ ਆਵਾਜਾਈ ਬੇਹੱਦ ਸੁਖਾਲੀ ਹੋ ਜਾਵੇਗੀ।

ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਸ਼ੁਰੂਆਤ ਦੌਰਾਨ ਇਹ ਰੇਲ ਸੇਵਾ ਵੀਰਵਾਰ ਅਤੇ ਐਤਵਾਰ ਨੂੰ ਛੱਡ ਕੇ ਹਫ਼ਤੇ ਵਿਚ ਪੰਜ ਦਿਨ ਚੱਲੇਗੀ ਜਿਹੜੀ ਕਿ ਸਵੇਰੇ 10:20 ਵਜੇ ਫਗਵਾੜਾ ਤੋਂ ਚੱਲ ਕੇ ਦੁਪਹਿਰ 1:20 ਵਜੇ ਜੇਜੋਂ ਦੋਆਬਾ ਪਹੁੰਚੇਗੀ ਅਤੇ ਦੁਪਹਿਰ 1:45 ਵਜੇ ਜੇਜੋਂ ਦੋਆਬਾ ਤੋਂ ਚੱਲ ਕੇ ਸ਼ਾਮ 5:00 ਵਜੇ ਫਗਵਾੜਾ ਪਹੁੰਚੇਗੀ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿਚ ਇਸ ਟਰੇਨ ਦੇ ਹੋਰ ਟਾਈਮ ਵਧਾਉਣ ਦੀ ਮੰਗ ਵੀ ਰੱਖੀ ਜਾਵੇਗੀ ਤਾਂ ਜੋ ਲੋਕਾਂ ਨੂੰ ਇਸ ਸੇਵਾ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ। ਜੇਜੋਂ ਦੋਆਬਾ ਦੇ ਸਰਪੰਚ ਜੇਜੋਂ ਸਰਪੰਚ ਪਰਵੀਨ ਸੋਨੀ ਅਤੇ ਪੰਚਾਇਤ ਨੇ ਰੇਲ ਸੇਵਾ ਸ਼ੁਰੂ ਹੋਣ 'ਤੇ ਮੈਂਬਰ ਪਾਰਲੀਮੈਂਟ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਹ ਸੇਵਾ ਸ਼ੁਰੂ ਹੋਣ ਨਾਲ ਖੇਤਰ ਵਿਚ ਵਪਾਰਕ ਸਰਗਰਮੀਆਂ ਨੂੰ ਹੋਰ ਬਲ ਮਿਲੇਗਾ।

ਜ਼ਿਕਰਯੋਗ ਹੈ ਕਿ ਇਹ ਰੇਲ ਜੇਜੋਂ ਤੋਂ ਚੱਲ ਕੇ ਮਹਿੰਗਰੋਵਾਲ, ਸੈਲਾ ਖੁਰਦ, ਬਡੇਸਰੋਂ, ਸਤਨੌਰ, ਗੜ੍ਹਸ਼ੰਕਰ, ਨਵਾਂਸ਼ਹਿਰ, ਰਾਹੋਂ, ਨਵਾਂਸ਼ਹਿਰ, ਕਰੀਹਾ, ਖਟਕੜ ਕਲਾਂ, ਬੰਗਾ, ਮੱਲੂਪੋਤਾ, ਮੰਢਾਲੀ, ਕੁਲਥਮ ਸਟੇਸ਼ਨਾਂ 'ਤੇ ਰੁਕਦੀ ਹੋਈ ਫਗਵਾੜਾ ਸਟੇਸ਼ਨ ਪਹੁੰਚੇਗੀ। ਇਸ ਮੌਕੇ @ਤੇ ਸਰਪੰਚ ਪ੍ਰਵੀਨ ਸੋਨੀ,ਪੰਚ ਰੇਨੂੰ ਬਾਲਾ, ਪੰਚ ਪਿੰਕੀ, ਸੰਜੀਵ ਕੁਮਾਰ, ਅਸ਼ਵਨੀ ਖੰਨਾ, ਬਾਮ ਦੇਵ ਸ਼ਰਮਾ, ਦਿਲਬਾਗ ਮੁਹੰਮਦ, ਤਾਹਿਰ ਹੁਸੈਨ, ਮਮਤਾ ਢਿਲੋਂ, ਰਾਮ ਕੁਮਾਰ ਹਰਜੀਆਣਾ, ਸਰਪੰਚ ਪਾਲਾ, ਰਸ਼ਪਾਲ ਸਿੰਘ ਪਾਲੀ, ਅਸ਼ੋਕ ਕੁਮਾਰ, ਸਰਪੰਚ ਰੁਪਿੰਦਰ ਸਿੰਘ, ਐਸ.ਐਮ.ਸੀ. ਚੇਅਰਮੈਨ ਮੈਡਮ ਗਿਰਜ਼ਾ ਆਦਿ ਵੀ ਮੌਜੂਦ ਸਨ।

# ਦੰਦਾਂ ਦੀ ਪਰੇਸ਼ਾਨੀ ਤੋਂ ਪਾਓ ਨਿਜਾਤ

ਨਵਜੋਤ ਕੌਰ ਔਜਲਾ

ਸਾਡੇ ਸਰੀਰ ਵਿਚੋਂ ਰੋਗ ਬਾਹਰ ਨਹੀਂ ਆਉਂਦੇ। ਗੈਰ-ਕੁਦਰਤੀ ਰਹਿਣ ਸਹਿਣ ਨਾਲ ਸਰੀਰ ਅੰਦਰ ਵਿਗਾੜ ਪੈਦਾ ਹੋ ਜਾਂਦਾ ਹੈ। ਸਾਡੇ ਖਾਣ-ਪੀਣ ਦੀਆਂ ਆਦਤਾਂ ਸਾਡੇ ਰੋਗਾਂ ਦਾ ਕਾਰਨ ਬਣਦੀਆਂ ਹਨ। ਕਈ ਵਾਰ ਅਸੀਂ ਭੁੱਖ ਤੋਂ ਜ਼ਿਆਦਾ ਜਾਂ ਦੇਰ ਬਾਅਦ ਖਾਂਦੇ ਹਾਂ ਜਿਸ ਕਰਕੇ ਸਾਡਾ ਸੰਤੁਲਨ ਵਿਗੜ ਜਾਂਦਾ ਹੈ। ਪੁਰਾਣੇ ਸਮੇਂ ਵਿਚ ਜਦੋਂ ਕੋਈ ਮਨੁੱਖ ਬਿਮਾਰ ਹੁੰਦਾ ਸੀ ਤਾਂ ਲੋਕ ਆਪਣੇ ਘਰਾਂ ਵਿਚ ਵਰਤੇ ਜਾਂਦੇ ਮਸਾਲੇ, ਸਬਜ਼ੀਆਂ ਆਦਿ ਦੀ ਵਰਤੋਂ ਕਰ ਕੇ ਦਵਾਈ ਜਾਂ ਕਾੜ੍ਹਾ ਬਣਾ ਕੇ ਉਸ ਦਾ ਸੇਵਨ ਕਰਦੇ ਸਨ ਪਰ ਅੱਜਕੱਲ੍ਹ ਤਾਂ ਲੋਕ ਥੋੜ੍ਹਾ ਜਿਹਾ ਬਿਮਾਰ ਹੋਣ 'ਤੇ ਡਾਕਟਰ ਕੋਲ ਭੱਜ ਜਾਂਦੇ ਹਨ। ਕਈ ਡਾਕਟਰ ਮਰੀਜ਼ ਕੋਲੋਂ ਪੈਸੇ ਬਣਾਉਣ ਲਈ ਬਿਮਾਰ ਵਿਅਕਤੀ ਨੂੰ ਹਸਪਤਾਲਾਂ ਦੇ ਗੇੜੇ ਮਰਾਉਂਦੇ ਹਨ ਤੇ ਫਿਰ ਵੀ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਟੈਸਟਾਂ ਦੇ ਚੱਕਰਾਂ 'ਚ ਪਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਡਾਕਟਰਾਂ ਨੂੰ ਪੈਸਾ ਦੇਣ ਲਈ ਤੇ ਆਪਣਾ ਸਮਾਂ ਖ਼ਰਾਬ ਕਰਨ ਦੀ ਬਜਾਏ ਅਸੀਂ ਆਪਣੇ ਘਰਾਂ ਵਿਚ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਿਵੇਂ ਹਰੀਆਂ ਸਬਜ਼ੀਆਂ, ਦੁੱਧ ਦਹੀਂ, ਲੱਸੀ, ਘਿਓ, ਦਾਲਾਂ ਆਦਿ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਹਰ ਇਕ ਵਿਅਕਤੀ ਨੂੰ ਦੰਦਾਂ ਦੇ ਰੋਗ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੱਜ ਦੇ ਦੌਰ 'ਚ ਦੰਦਾਂ ਦੇ ਕੀੜਿਆਂ ਦੀ ਸਮੱਸਿਆ ਬਹੁਤ ਵੱਧ ਰਹੀ ਹੈ। ਕੀੜਾਂ ਲੱਗਣ ਦੇ ਕਾਰਨ ਦੰਦਾਂ ਵਿਚ ਤੇਜ਼ ਦਰਦ ਹੋਵੇ ਤਾਂ ਆਂਵਲੇ ਦੇ ਰਸ ਵਿਚ ਥੋੜ੍ਹਾਂ ਜਿਹਾ ਕਪੂਰ ਮਿਲਾ ਕੇ ਲਗਾਓ ਇਸ ਨਾਲ ਹੌਲੀ-ਹੌਲੀ ਦੰਦਾਂ ਦੇ ਕੀੜੇ ਦੀ ਪਰੇਸ਼ਾਨੀ ਤੇ ਦਰਦ ਰਾਹਤ ਪਾਈ ਜਾ ਸਕਦੀ ਹੈ। ਹਰ ਰੋਜ਼ ਖਾਣਾ-ਖਾਣ ਤੋਂ ਬਾਅਦ ਬੁਰਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। •

### ਮਸੂੜਿਆਂ ਦੀ ਪਰੇਸ਼ਾਨੀ

70 ਗ੍ਰਾਮ ਗਾਜ਼ਰ ਦਾ ਰਸ ਰੋਜ਼ਾਨਾ ਪੀਣ ਨਾਲ ਮਸੂੜੇ ਅਤੇ ਦੰਦਾਂ ਵਿਚ ਕਿਸੇ ਰੋਗ ਦੇ ਪੈਦਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਤੇ ਇਸ ਨਾਲ ਦੰਦਾਂ ਦੀਆਂ ਜੜ੍ਹਾਂ ਵੀ ਮਜ਼ਬੂਤ ਹੁੰਦੀਆਂ ਹਨ।

### ਮੂੰਹ ਦੇ ਛਾਲੇ

*ਕਈ ਵਾਰ ਅਸੀ ਦੇਖਦੇ ਹਾਂ ਕਿ ਗਰਮ ਜਾਂ ਠੰਢਾ ਖਾਣ ਨਾਲ ਸਾਡੇ ਮੂੰਹ 'ਚ ਛਾਲੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ 'ਚ ਚਮੇਲੀ ਦੇ ਪੱਤਿਆਂ ਨੂੰ ਮੂੰਹ ਵਿਚ ਰੱਖੋ ਤੇ ਹੌਲੀ-ਹੌਲੀ ਦਬਾ ਕੇ ਖਾਓ। ਖਾਣ ਤੋਂ ਬਾਅਦ ਪਾਣੀ ਨਾਲ ਕੁਰਲਾ ਕਰੋ। ਅਜਿਹਾ ਕਰਨ ਨਾਲ ਤੁਹਾਨੂੰ ਬਹੁਤ ਫ਼ਾਇਦਾ ਹੋਵੇਗਾ।*



# ਸੇਵਾ ਤੇ ਸਮਰਪਣ ਦਾ ਪੇਸ਼ਾ ਨਰਸਿੰਗ



ਗੁਰਤੇਜ ਸਿੰਘ
94641-72783

**ਅਸੀਂ ਜਾਣਦੇ ਹਾਂ ਕਿ ਡਾਕਟਰਾਂ ਜਾਂ ਨਰਸਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ। ਵਿਅਕਤੀ ਨੂੰ ਕੋਈ ਵੀ ਦੁੱਖ-ਤਕਲੀਫ਼ ਹੁੰਦੀ ਹੈ ਤਾਂ ਉਹ ਹਸਪਤਾਲ ਜਾ ਕੇ ਹੀ ਸਾਹ ਲੈਂਦਾ ਹੈ ਕਿ ਇਥੇ ਉਸ ਨੂੰ ਜ਼ਿੰਦਗੀ ਮਿਲੇਗੀ ਜਾਂ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ...**

ਨਰਸ ਬਿਨਾਂ ਵਿਤਕਰੇ ਦੇ ਬਿਮਾਰਾਂ ਦੀ ਸੇਵਾ ਕਰਦੀ ਹੈ, ਜਦ ਰੋਗੀ ਤੰਦਰੁਸਤ ਹੋ ਕੇ ਆਪਣੇ ਘਰ ਪਰਤਦਾ ਹੈ ਤਾਂ ਕਿਤੇ ਨਾ ਕਿਤੇ ਉਹ ਨਰਸ ਨੂੰ ਵੀ ਅੰਦਰੋਂ ਦੁਆਵਾਂ ਦਿੰਦਾ ਹੈ। ਨਰਸਿਜ਼ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1953 'ਚ ਹੋਈ ਜੋ ਯੂਨਾਈਟਡ ਸਟੇਟਸ ਦੇ ਸਿਹਤ ਸਿੱਖਿਆ ਅਤੇ ਭਲਾਈ ਵਿਭਾਗ ਦੇ ਇਕ ਅਫ਼ਸਰ ਨੇ ਆਪਣੇ ਪੱਧਰ 'ਤੇ ਕੀਤੀ ਸੀ। ਉਨ੍ਹਾਂ ਦੇ ਇਸ ਸ਼ਲਾਘਾਯੋਗ ਕਦਮ ਨੂੰ ਅਣਗੌਲਿਆ ਕਰ ਦਿੱਤਾ ਸੀ। ਸੰਨ 1965 'ਚ ਇੰਟਰਨੈਸ਼ਨਲ ਕੌਂਸਿਲ ਆਫ਼ ਨਰਸਿਜ਼ ਨੇ ਪਹਿਲੀ ਵਾਰ ਨਰਸਿਜ਼ ਦਿਵਸ ਮਨਾਇਆ ਸੀ। ਸੰਨ 1974 ਵਿਚ ਇਸੇ ਸੰਸਥਾ ਨੇ ਫਲੋਰੈਂਸ ਨਾਈਟਿੰਗੇਲ ਦੇ ਜਨਮ ਨੂੰ ਨਰਸਿਜ਼ ਦਿਵਸ ਵਜੋਂ ਮਨਾਉਣ ਦੀ ਅਧਿਕਾਰਿਕ ਤੌਰ 'ਤੇ ਪ੍ਰਵਾਨਗੀ ਦਿੱਤੀ ਸੀ ਅਤੇ ਇਸ ਦਿਨ ਨਰਸਿੰਗ ਕਿੱਤੇ ਨਾਲ ਲੋੜੀਂਦੇ ਸਾਜੋ ਸਮਾਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਹਿਤ ਇਕ ਲੜੀ ਸ਼ੁਰੂ ਕੀਤੀ ਜੋ ਅੱਜ ਵੀ ਕਈ ਮੁਲਕਾਂ 'ਚ ਪ੍ਰਚਲਿਤ ਹੈ। ਹਰ ਵਰ੍ਹੇ ਇਸ ਦਿਵਸ 'ਤੇ ਕੋਈ ਨਾ ਕੋਈ ਥੀਮ ਰੱਖਿਆ ਜਾਂਦਾ ਹੈ।

ਸੰਨ 1988 ਤੋਂ ਸ਼ੁਰੂ ਹੋਈ ਸੀ ਜੋ ਅੱਜ ਵੀ ਬਰਕਰਾਰ ਹੈ। ਇਸ ਵਰ੍ਹੇ ਦਾ ਥੀਮ ਨਰਸਿੰਗ ਦੀ ਬੁਲੰਦ ਆਵਾਜ਼ ਹੈ। ਸੰਨ 2003 ਤੋਂ ਸੰਸਾਰ ਦੇ ਕਈ ਦੇਸ਼ਾਂ 'ਚ 6 ਮਈ ਤੋਂ 12 ਮਈ ਤਕ ਨਰਸਿਜ਼ ਹਫ਼ਤਾ ਮਨਾਇਆ ਜਾਂਦਾ ਹੈ ਜਿਸ ਤਹਿਤ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ। ਪੈਰਾਮੈਡੀਕਲ ਕਾਮਿਆਂ ਤੋਂ ਬਿਨਾਂ ਡਾਕਟਰ ਅਧੂਰਾ ਹੈ ਅਤੇ ਸੁਘੜ ਨਰਸ ਆਪਣੇ ਵਾਰਡ 'ਚ ਦਾਖਿਲ ਮਰੀਜ਼ਾਂ ਨੂੰ ਦਵਾਈ ਡਾਕਟਰ ਦੇ ਕਹਿਣੇ ਮੁਤਾਬਿਕ ਬਿਨਾਂ ਨਾਗਾ ਪਾਏ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੇ ਪਰਿਵਾਰਿਕ ਮੈਂਬਰਾਂ ਦੀ ਤਰ੍ਹਾਂ ਮਰੀਜ਼ਾਂ ਦਾ ਖ਼ਿਆਲ ਰੱਖਦੀ ਹੈ ਜੋ ਮਾਂ, ਭੈਣ ਆਦਿ ਰਿਸ਼ਤੇ ਰੱਖਦੇ ਹਨ। ਆਪਣੇ ਵਾਰਡ 'ਚ ਪਏ ਮਰੀਜ਼ਾਂ ਦੀ ਦੇਖਭਾਲ ਕਰਨੀ ਉਸਦਾ ਮੁੱਢਲਾ ਫ਼ਰਜ਼ ਹੈ ਇਸ ਤੋਂ ਉਹ ਕਦੇ ਵੀ ਮੁਨਕਰ ਨਹੀਂ ਹੋ ਸਕਦੀ।

ਵਾਰਡ 'ਚ ਮੌਜੂਦ ਤਰ੍ਹਾਂ-ਤਰ੍ਹਾਂ ਦੇ ਮਰੀਜ਼ਾਂ ਨਾਲ ਉਸਦਾ ਵਿਵਹਾਰ ਦੋਸਤਾਨਾ ਹੁੰਦਾ ਹੈ ਜੋ ਲਾਜ਼ਮੀ ਵੀ ਹੈ ਕਿਉਂਕਿ ਦਵਾਈ ਦੇ ਨਾਲ ਹੌਂਸਲਾ ਅਫਜ਼ਾਈ ਬਹੁਤ ਜ਼ਰੂਰੀ ਹੁੰਦੀ ਹੈ ਜਿਸ ਨਾਲ ਭਿਆਨਕ ਬਿਮਾਰੀਆਂ ਨਾਲ ਗ੍ਰਸਤ ਮਰੀਜ਼ ਵੀ ਬਚੀ ਜ਼ਿੰਦਗੀ ਦਾ ਆਨੰਦ ਮਾਨਣ ਦੇ ਯੋਗ ਹੋ ਜਾਂਦੇ ਹਨ। ਇਸ ਤਰ੍ਹਾਂ ਮਰੀਜ਼ਾਂ ਦੀ ਤੰਦਰੁਸਤੀ 'ਚ ਡਾਕਟਰ ਦੇ ਨਾਲ ਨਰਸ ਦੀਆਂ ਅਣਥੱਕ ਸੇਵਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਬਲਕਿ ਹਸਪਤਾਲ ਦੇ ਹਰ ਸੁਘੜ ਕਰਮਚਾਰੀ ਦਾ ਬਣਦਾ ਯੋਗਦਾਨ ਲਿਆ ਜਾਂਦਾ ਹੈ ਤਾਂ ਜੋ ਮਰੀਜ਼ ਰਾਜੀ ਖ਼ੁਸ਼ੀ ਆਪਣੇ ਘਰ ਜਾ ਸਕੇ। ਦੁਨੀਆ ਬਹੁਤ ਰੰਗੀ ਹੈ ਇਸ 'ਚ ਚੰਗੇ ਮੰਦੇ ਹਰ ਤਰ੍ਹਾਂ ਦੇ ਪ੍ਰਾਣੀਆਂ ਦਾ ਵਾਸ ਹੈ। ਕਈ ਵਾਰ ਕੋਈ ਵਿਅਕਤੀ ਕਿਸੇ ਲਈ ਫਰਿਸ਼ਤਾ ਹੋ ਬਹੁੜਦਾ ਹੈ ਅਤੇ ਕੋਈ ਕਿਸੇ ਲਈ ਸ਼ੈਤਾਨ ਦਾ ਰੂਪ ਹੋ ਨਿੱਬੜਦਾ ਹੈ। ਅਜੋਕੇ ਦੌਰ 'ਚ ਜ਼ਿੰਦਗੀ ਜਿਉਣ ਦੇ ਬਦਲਦੇ ਢੰਗ ਅਤੇ ਨਾਮੁਰਾਦ ਬਿਮਾਰੀਆਂ ਦੀ ਆਮਦ ਨੇ ਲੋਕਾਂ ਨੂੰ ਤੰਦਰੁਸਤ ਰਹਿਣ ਦੀ ਚੁਣੌਤੀ ਦਿੱਤੀ ਹੈ।

ਇਸ ਲਈ ਅਕਸਰ ਹੀ ਹਸਪਤਾਲ ਜਾਣਾ ਪੈਂਦਾ ਹੈ ਅਤੇ ਉੱਥੇ ਮੌਜੂਦ ਅਮਲੇ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ। ਕਈ ਵਾਰ ਉਹ ਅਮਲਾ ਵਾਜਿਬ ਭਾਅ 'ਤੇ ਆਪਣੀ ਸੇਵਾ ਨਾਲ ਸਾਨੂੰ ਸੰਤੁਸ਼ਟ ਕਰ ਦਿੰਦਾ ਹੈ ਪਰ ਵਪਾਰੀਕਰਨ ਦੀ ਦੌੜ 'ਚ ਅਕਸਰ ਹੀ ਮਰੀਜ਼ਾਂ ਦੀ ਛਿੱਲ ਲਾਹੀ ਜਾਂਦੀ ਹੈ। ਜਿਸ 'ਚ ਹਸਪਤਾਲ ਪ੍ਰਸ਼ਾਸਨ ਅਤੇ ਡਾਕਟਰ ਸਿੱਧੇ ਰੂਪ 'ਚ ਜ਼ਿੰਮੇਵਾਰ ਹੁੰਦੇ ਹਨ। ਕੁੱਝ ਕੁ ਥਾਵਾਂ ਨੂੰ ਛੱਡ ਕੇ ਨਰਸ ਦੀ ਇਸ ਘਿਨੌਣੇ ਕਾਰਜ 'ਚ ਸ਼ਮੂਲੀਅਤ ਨਹੀਂ ਹੁੰਦੀ ਹੈ। ਨਿੱਜੀ ਸਿਹਤ ਕੇਂਦਰਾਂ 'ਚ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਰਸਾਂ ਨਾਲ ਅਕਸਰ ਬਦਤਮੀਜ਼ੀ ਕਰਦੇ ਹਨ ਉਹ ਵਿਚਾਰੀਆਂ ਨੌਕਰੀ ਜਾਣ ਦੇ ਡਰ ਕਾਰਨ ਚੁੱਪ ਰਹਿਣ ਲਈ ਮਜਬੂਰ ਹੋ ਜਾਂਦੀਆਂ ਹਨ।

ਜਨਤਕ ਸਿਹਤ ਕੇਂਦਰਾਂ 'ਚ ਤਾਇਨਾਤ ਨਰਸ ਕਰਮਚਾਰੀਆਂ ਦਾ ਵਿਵਹਾਰ ਸਦਾ ਹੀ ਸ਼ੱਕ ਦੇ ਘੇਰੇ 'ਚ ਰਿਹਾ ਹੈ ਪਰ ਕਈ ਨਰਸ ਕਰਮਚਾਰੀ ਆਪਣੇ ਮਰੀਜ਼ਾਂ ਨਾਲ ਬਦਤਮੀਜ਼ੀ ਕਰਦੀਆਂ ਹਨ ਜਿਸ ਦਾ ਗਵਾਹ ਪੂਰਾ ਸਮਾਜ ਹੈ ਕਿਉਂਕਿ ਹਰ ਕਿਸੇ ਦਾ ਵਾਹ ਕਦੇ ਨਾ ਕਦੇ ਇਨ੍ਹਾਂ ਨਾਲ ਜ਼ਰੂਰ ਪਿਆ ਹੈ। ਜਨਤਕ ਸਿਹਤ ਕੇਂਦਰਾਂ 'ਚ ਜਾਣ ਵਾਲੇ ਮਰੀਜ਼ ਜ਼ਿਆਦਾਤਰ ਅਨਪੜ੍ਹ ਹੀ ਹੁੰਦੇ ਹਨ ਜਿਸ ਕਰਕੇ ਉਹ ਇਨ੍ਹਾਂ ਨੂੰ ਟਿੱਚ ਹੀ ਜਾਣਦੀਆਂ ਹਨ ਸਿੱਧੇ ਮੂੰਹ ਗੱਲ ਤਕ ਨਹੀਂ ਕਰਦੀਆਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪਿਛਲੇ ਵਰ੍ਹੇ ਮੇਰੀਆਂ ਜੂਨ ਦੀਆਂ ਛੁੱਟੀਆਂ ਵਿਚ ਸਾਡੇ ਪਿੰਡ ਦੀ ਇਕ ਬੇਹੱਦ ਗ਼ਰੀਬ ਪਰਿਵਾਰ ਦੀ ਇਕ ਔਰਤ ਜਣੇਪੇ 'ਚ ਸੀ ਡਾਕਟਰੀ ਕਿੱਤੇ ਨਾਲ ਸਬੰਧਿਤ ਹੋਣ ਕਾਰਨ ਉਨ੍ਹਾਂ ਮੇਰੇ ਤਕ ਪਹੁੰਚ ਕੀਤੀ ਸੀ। ਮੈਂ ਆਪ ਉਨ੍ਹਾਂ ਦੇ ਨਾਲ ਜਾ ਕੇ ਉਸਨੂੰ ਨੇੜਲੇ ਜਨਤਕ ਸਿਹਤ ਕੇਂਦਰ 'ਚ ਦਾਖਿਲ ਕਰਵਾਇਆ ਸੀ। ਅਲਟਰਾਸਾਂਊਡ ਦੀ ਰਿਪੋਰਟ ਅਨੁਸਾਰ ਡਲਿਵਰੀ ਇਕਦਮ ਕਰਨੀ ਲਾਜ਼ਮੀ ਸੀ ਕਿਉਂਕਿ ਨਾੜੂਆ ਬੱਚੇ ਦੇ ਗਲ਼ੇ ਦੇ ਇਰਦ-ਗਿਰਦ ਲਿਪਟਿਆ ਹੋਇਆ ਸੀ। ਜਨਾਨਾ ਰੋਗਾਂ ਦੀ ਮਾਹਿਰ ਡਾਕਟਰ ਜਾ ਚੁੱਕੀ ਸੀ ਜਿਸ ਕਾਰਨ ਡਲਿਵਰੀ ਉੱਥੇ ਮੌਜੂਦ ਨਰਸ ਕਰਮਚਾਰੀਆਂ ਨੂੰ ਹੀ ਕਰਨੀ ਸੀ ਪਰ ਉਹ ਕਾਫ਼ੀ ਦੇਰ ਤਕ ਟਾਲਮਟੋਲ ਕਰਦੀਆਂ ਰਹੀਆਂ ਤੇ ਨਾ ਹੀ ਉਨ੍ਹਾਂ ਨੇ ਆਪਣੇ ਡਾਕਟਰ ਨੂੰ ਇਸ ਸਬੰਧੀ ਜਾਣੂ ਕਰਵਾਇਆ। ਇਹ ਸਭ ਦੇਖ ਕੇ ਮੈਨੂੰ ਬਹੁਤ ਗੁੱਸਾ ਆਇਆ ਤੇ ਇਕ ਨਰਸ ਨੂੰ ਮੈਂ ਕਿਹਾ, ਸਿਸਟਰ ਜੀ ਤੁਹਾਡਾ ਪਰਿਵਾਰਿਕ ਮੈਂਬਰ ਰਾਤ ਨੂੰ ਹਾਰਟ ਅਟੈਕ ਨਾਲ ਕਿਸੇ ਡਾਕਟਰ ਕੋਲ ਜਾਵੇ ਤਾਂ ਉੱਥੇ ਮੌਜੂਦ ਸਾਰਾ ਅਮਲਾ ਤੁਹਾਡੇ ਵਾਂਗ ਟਾਲਮਟੋਲ ਕਰੇ ਤਾਂ ਤੁਹਾਨੂੰ ਕਿਵੇਂ ਦਾ ਲੱਗੇਗਾ? ਉਸ ਨਰਸ ਨੇ ਐਨਕ ਦੇ ਉੱਪਰੋਂ ਦੇਖਦਿਆਂ ਮੈਨੂੰ ਪੁੱਛਿਆ ਤੂੰ ਕੰਮ ਕੀ ਕਰਦਾ ਆਹ ਕੀ ਤਰੀਕਾ ਗੱਲ ਕਰਨ ਦਾ। ਮੈਂ ਕਿਹਾ ਸਿਸਟਰ ਜੀ ਮੈਂ ਬੀਏਐੱਮਐੱਸ ਦੂਜੇ ਸਾਲ ਦਾ ਵਿਦਿਆਰਥੀ ਹਾਂ ਤੇ ਇਸ ਮਰੀਜ਼ ਬਾਰੇ ਮੈ ਆਪਣੇ ਪ੍ਰੋਫੈਸਰਾਂ ਨਾਲ ਵੀ ਗੱਲ ਕੀਤੀ ਹੈ ਉਨ੍ਹਾਂ ਦੀ ਸਲਾਹ ਹੈ ਕਿ ਜਲਦੀ ਡਲਿਵਰੀ ਹੋਵੇ। ਅੱਛਾ ਤੂੰ ਡਾਕਟਰ ਆਂ ਪਹਿਲਾਂ ਦੱਸ ਦੇਣਾ ਸੀ ਉਸਨੇ ਕੱਚੀ ਜਿਹੀ ਹੁੰਦੇ ਕਿਹਾ। ਆਪਣੇ ਡਾਕਟਰ ਨੂੰ ਬੁਲਾ ਕੇ ਉਨ੍ਹਾਂ ਨੇ ਡਲਿਵਰੀ ਕਰਵਾ ਦਿੱਤੀ। ਡਾਕਟਰ ਆਪਣਾ ਕੰਮ ਖ਼ਤਮ ਕਰਕੇ ਚਲਾ ਗਿਆ ਤੇ ਮੈਂ ਉਸ ਦਾ ਧੰਨਵਾਦ ਕੀਤਾ। ਡਾਕਟਰ ਦੇ ਜਾਣ ਦੀ ਦੇਰ ਸੀ ਇਕ ਨਰਸ ਨੇ ਮੁੰਡਾ ਹੋਣ ਦੀ ਖ਼ੁਸ਼ੀ ਜਾਹਿਰ ਕਰਦਿਆਂ ਉਸ ਔਰਤ ਦੇ ਦਿਹਾੜੀਦਾਰ ਗ਼ਰੀਬ ਪਤੀ ਤੋਂ ਵਧਾਈ ਦੇ ਰੂਪ 'ਚ ਪੰਜ ਸੌ ਰੁਪਏ ਮੰਗੇ, ਜੋ ਉਸਨੇ ਚੁੱਪਚਾਪ ਦੇ ਦਿੱਤੇ। ਮੈਂ ਉਸਨੂੰ ਜਦ ਵਰਜਿਆ ਤਾਂ ਉਹ ਮੈਨੂੰ ਕਹਿਣ ਲੱਗਾ ਡਾਕਟਰ ਕੀ ਪਤਾ ਬਾਈ! ਇਹ ਗੁੱਸੇ ਹੋ ਕੇ ਕੋਈ ਗ਼ਲਤ ਟੀਕਾ ਨਾ ਲਗਾ ਦੇਣ। ਮੈਨੂੰ ਉਸ ਦੀ ਮਾਨਸਿਕਤਾ ਅਤੇ ਅਜਿਹੀਆਂ ਨਰਸ ਕਰਮਚਾਰੀਆਂ ਦੇ ਵਿਵਹਾਰ ਨੇ ਝੰਜੋੜ ਕੇ ਰੱਖ ਦਿੱਤਾ ਸੀ। ਉਪਰੋਕਤ ਘਟਨਾਵਾਂ ਡਾਕਟਰੀ ਕਿੱਤੇ ਨਾਲ ਸਬੰਧਿਤ ਅਮਲੇ ਦੇ ਮੂੰਹ 'ਤੇ ਬਹੁਤ ਵੱਡੀ ਚਪੇੜ ਹੈ। ਕਹਿਣ ਨੂੰ ਤਾਂ ਸਾਡਾ ਮੁਲਕ ਮੈਡੀਕਲ ਟੂਰਿਜਮ ਵਜੋਂ ਵਿਕਸਿਤ ਹੋ ਰਿਹਾ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਆਮ ਲੋਕਾਂ ਲਈ ਚੰਗੀਆਂ ਸਿਹਤ ਸਹੂਲਤਾਂ ਸਿਰਫ਼ ਕਾਗਜ਼ਾਂ ਤਕ ਸੀਮਤ ਹਨ। ਇਕ ਅਨੁਮਾਨ ਅਨੁਸਾਰ ਦੇਸ਼ ਅੰਦਰ 2020 ਤਕ 4 ਲੱਖ ਡਾਕਟਰ ਹੋਰ ਚਾਹੀਦੇ ਹਨ ਅਤੇ 10 ਲੱਖ ਨਰਸਾਂ ਦੀ ਘਾਟ ਹੈ। ਉਪਭੋਗਤਾਵਾਦੀ ਸੋਚ ਅਤੇ ਆਪਣੇ ਆਪ ਨੂੰ ਸ਼੍ਰੇਸ਼ਠ ਦਰਸਾਉਣ ਦੇ ਚੱਕਰਾਂ 'ਚ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਨਤਕ ਸਿਹਤ ਕੇਂਦਰਾਂ 'ਚ ਮਰੀਜ਼ਾਂ ਨਾਲ ਇਨ੍ਹਾਂ ਦੇ ਦੁਰਵਿਵਹਾਰ ਦੀਆਂ ਖ਼ਬਰਾਂ ਅਕਸਰ ਹੀ ਸੁਰਖੀਆਂ 'ਚ ਆਉਂਦੀਆਂ ਹਨ। ਇਹ ਵੀ ਗੱਲ ਹੈ ਕਿ ਜੋ ਸੇਵਾਂ ਕਰਨ ਦੀ ਇੱਛਾ ਰੱਖਦੇ ਹਨ ਉਹ ਕਦੀ ਵੀ ਆਪਣੇ ਕੰਮ ਤੋਂ ਪਿੱਛੇ ਨਹੀਂ ਰਹਿੰਦੇ। ਨਰਸ ਦਿਵਸ ਮੌਕੇ 'ਤੇ ਪ੍ਰਣ ਲੈਣ ਦੀ ਲੋੜ ਹੈ ਕਿ ਉਹ ਆਪਣਾ ਹਰ ਕਾਰਜ ਮਨੁੱਖਤਾ ਦੀ ਸੇਵਾ 'ਚ ਲਗਾਉਣ ਤੇ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ। •




[redacted]

*ਦੁਨੀਆ 'ਚ 12 ਮਈ ਕੌਮਾਂਤਰੀ ਨਰਸਿਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਨਰਸਿੰਗ ਦੀ ਜਨਮਦਾਤਾ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੈ। ਉਨ੍ਹਾਂ ਦੀ ਮਾਨਵ ਸੇਵਾ ਪ੍ਰਤੀ ਉੱਚੀ ਸੁੱਚੀ ਭਾਵਨਾ ਨੇ ਲੋਕਾਂ ਨੂੰ ਸੇਵਾ ਵੱਲ ਪ੍ਰੇਰਿਆ ਹੈ, ਜਿਸ ਨੇ ਨਰਸਿੰਗ ਕਿੱਤੇ ਦੀ ਸ਼ੁਰੂਆਤ ਕੀਤੀ। ਇਸ ਕਿੱਤੇ 'ਚ ਰਹਿੰਦੇ ਹੋਏ ਇਨ੍ਹਾਂ ਨੇ ਬਹੁਤ ਸਾਰੇ ਐਵਾਰਡ ਵੀ ਹਾਸਿਲ ਕੀਤੇ ਜਿਵੇਂ ਸੰਨ 1883'ਚ ਰਾਇਲ ਰੈੱਡ ਕ੍ਰਾਸ, 1907 'ਚ ਆਰਡਰ ਆਫ਼ ਮੈਰਿਟ...*

ਨਰੇਸ਼ ਪਠਾਣੀਆ

**ਸਿਰ ਦਰਦ, ਚੱਕਰ ਆਉਣੇ, ਗੱਸ਼ ਪੈਣੀ, ਸਾਹ ਕਿਰਿਆ ਡੂੰਘੀ, ਰੋਗੀ ਦੀ ਚਮੜੀ ਖ਼ੁਸ਼ਕ ਤੇ ਗਰਮ ਹੋਣੀ, ਚਿਹਰੇ ਦਾ ਰੰਗ ਲਾਲ ਹੋ ਜਾਣਾ ਆਦਿ ਲੂ ਦੀਆਂ ਹੀ ਅਲਾਮਤਾਂ ਹਨ...**



# ਲੂ ਤੋਂ ਬਚਾਅ ਲਈ ਮੁੱਢਲੀ ਸਹਾਇਤਾ

ਪੰਜਾਬ ਵਿਚ ਇਨ੍ਹਾਂ ਦਿਨਾਂ 'ਚ ਗਰਮੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਲੋਆਂ ਵੀ ਬਹੁਤ ਵਗਦੀਆਂ ਹਨ। ਸਖ਼ਤ ਮਿਹਨਤ ਜਾਂ ਸਾਡੀ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਗਰਮੀ ਦਾ ਸ਼ਿਕਾਰ ਹੋਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਹਨ। ਗੰਭੀਰ ਹਾਲਤਾਂ ਦੌਰਾਨ ਜੇ ਪੀੜਤ ਨੂੰ ਜੇ ਫ਼ੌਰਨ ਮੁੱਢਲੀ ਜਾਂ ਡਾਕਟਰੀ ਸਹਾਇਤਾ ਨਾ ਮਿਲੇ ਤਾਂ ਗਰਮੀ ਜਾਂ ਲੂ ਦਾ ਪ੍ਰਭਾਵ ਜਾਨਲੇਵਾ ਸਾਬਤ ਹੋ ਸਕਦਾ ਹੈ। ਇਨਸਾਨੀ ਸਰੀਰ ਉੱਪਰ ਜਦ ਅਤਿਅੰਤ ਗਰਮੀ ਦਾ ਪ੍ਰਭਾਵ ਪੈਂਦਾ ਹੈ ਤਾਂ ਵੱਖ-ਵੱਖ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਸਰੀਰਕ ਤਾਪਮਾਨ ਵਧਣ ਕਰਕੇ ਵਿਅਕਤੀ ਦੇ ਸਰੀਰ 'ਚ ਕਈ ਵੱਡੀਆਂ ਤਬਦੀਲੀਆਂ ਆ ਜਾਂਦੀਆਂ ਹਨ।

### ਥਕਾਵਟ ਨਾਲ ਨਿਢਾਲ ਹੋਣਾ

ਸਰੀਰ ਦਾ ਤਾਪਮਾਨ ਬਹੁਤ ਜ਼ਿਆਦਾ ਵੱਧ ਜਾਣਾ ਜਿਸ ਨੂੰ 'ਹੀਟ ਸਟਰੋਕ' ਵੀ ਕਿਹਾ ਜਾਂਦਾ ਹੈ ਅਤੇ ਇਹ ਸਭ ਤੋਂ ਘਾਤਕ ਅਤੇ ਪੀੜਤ ਅੰਦਰ ਸੰਕਟਕਮਈ ਚਿੰਤਾਜਨਕ ਅਵਸਥਾ ਬਣਾ ਦਿੰਦਾ ਹੈ। ਗਰਮੀ ਤੋਂ ਬਚਣ ਲਈ ਜੇ ਅਸੀਂ ਥੋੜ੍ਹੀ ਜਿਹੀ ਸਾਵਧਾਨੀ ਵਰਤੀਏ ਤਾਂ ਕਾਫ਼ੀ ਹੱਦ ਤਕ ਲੂ ਦੇ ਮਾਰੂ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਗਰਮੀ ਵਿਚ ਹੁੰਮਸ ਅਤੇ ਘੱਟ ਆਕਸੀਜਨ ਵਾਲੇ ਵਾਤਾਵਰਨ 'ਚ ਲਗਾਤਾਰ ਸਰੀਰਕ ਕੰਮ ਕਰਦੇ ਰਹਿਣ ਨਾਲ ਗਰਮੀ ਨਾਲ ਹੰਭ ਕੇ ਅਤਿ ਦਾ ਥਕੇਵਾਂ ਹੋ ਸਕਦਾ ਹੈ। ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ 'ਚ ਨਮਕ, ਪਾਣੀ ਤੇ ਤੇਜ਼ਾਬ ਦੀ ਘਾਟ ਹੋ ਜਾਂਦੀ ਹੈ। ਵਿਅਕਤੀ ਬਹੁਤ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਪਿਆਸ ਲੱਗਣਾ, ਸਿਰ ਦਰਦ, ਬੇਚੈਨੀ, ਚਿੜਚਿੜਾਪਣ ਆਮ ਅਲਾਮਤਾਂ ਹਨ। ਰੋਗੀ ਦਾ ਸਰੀਰ ਠੰਢਾ, ਪੀਲਾ ਤੇ ਪਸੀਨੇ ਕਾਰਨ ਚਿਪਚਿਪਾ ਹੋ ਜਾਂਦਾ ਹੈ। ਕੁੱਝ ਲੋਕ ਥਕਾਵਟ ਨਾਲ ਬੇਹੋਸ਼ ਵੀ ਹੋ ਜਾਂਦੇ ਹਨ। ਇਸ ਹਾਲਤ ਨੂੰ ਗਰਮੀ ਦੀ ਥਕਾਵਟ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਮਨੁੱਖੀ ਸਰੀਰ ਦਾ ਸਾਧਾਰਨ ਤਾਪਮਾਨ 37 ਡਿਗਰੀ ਸੈਂਟੀਗਰੇਡ ਜਾਂ 98.4 ਡਿਗਰੀ ਫਾਰਨਹੀਟ ਰਹਿੰਦਾ ਹੈ। ਹੀਟ ਸਟਰੋਕ ਦੀ ਹਾਲਤ ਵਿਚ ਵਿਅਕਤੀ ਦਾ ਸਰੀਰਕ ਤਾਪਮਾਨ ਵੱਧ ਕੇ 41 ਡਿਗਰੀ ਸੈਂਟੀਗਰੇਡ ਜਾਂ ਇਕਦਮ 106 ਡਿਗਰੀ ਫਾਰਨਹੀਟ ਤਕ ਹੋ ਸਕਦਾ ਹੈ। ਪਸੀਨਾ ਆਉਣਾ ਬੰਦ ਹੋ ਜਾਂਦਾ ਹੈ। ਸਿਰ ਦਰਦ, ਚੱਕਰ ਆਉਣੇ, ਗਸ਼ੀ ਪੈਣੀ, ਸਾਹ ਕਿਰਿਆ ਡੂੰਘੀ, ਪੀੜਤ ਦੀ ਚਮੜੀ ਖ਼ੁਸ਼ਕ ਤੇ ਗਰਮ ਹੁੰਦੀ ਹੈ। ਬੋਲਣ ਅਤੇ ਤੁਰਨ ਤੋਂ ਅਸਮਰੱਥ ਹੋ ਸਕਦਾ ਹੈ। ਚਿਹਰੇ ਦਾ ਰੰਗ ਲਾਲ ਹੋ ਜਾਂਦਾ ਹੈ। ਨਬਜ਼ ਤੇ ਸਾਹ ਤੇਜ਼ ਚਲਣ ਲੱਗਦੇ ਹਨ। ਜੇ ਵੇਲੇ ਸਿਰ ਇਲਾਜ ਨਾ ਹੋ ਸਕੇ ਤਾਂ ਵਿਅਕਤੀ ਬੇਹੋਸ਼ੀ ਵਿਚ ਜਾ ਸਕਦਾ ਹੈ ਜਾਂ ਬਰੇਨ ਹੈਮਰੇਜ਼ ਵਰਗੀ ਗੰਭੀਰ ਸਥਿਤੀ ਉਪਰੰਤ ਮੌਤ ਵੀ ਹੋ ਸਕਦੀ ਹੈ। ਹੀਟ ਸਟਰੋਕ ਬਹੁਤੀ ਗਰਮੀ ਵਿਚ ਧੁੱਪੇ ਤੁਰਨ-ਫਿਰਨ ਜਾਂ ਜ਼ਿਆਦਾ ਸਰੀਰਕ ਕੰਮ ਕਰਨ, ਬੁਢਾਪਾ, ਸ਼ਰਾਬੀ ਹਾਲਤ, ਦਿਲ ਤੇ ਫੇਫੜਿਆਂ ਦੇ ਰੋਗੀਆਂ ਵਿਚ ਜ਼ਿਆਦਾ ਹੁੰਦਾ ਹੈ। ਗਰਮ ਵਾਤਾਵਰਨ ਵਿਚ ਭਾਰੀ ਕਸਰਤ ਜਾਂ ਸਰੀਰਕ ਕੰਮ ਕਰਨ ਨਾਲ ਪਸੀਨੇ ਰਾਹੀਂ ਜ਼ਿਆਦਾ ਮਾਤਰਾ ਵਿਚ ਲੂਣ ਨਿਕਲ ਜਾਣ ਕਰਕੇ ਪੱਠਿਆਂ, ਖ਼ਾਸ ਕਰ ਲੱਤਾਂ ਤੇ ਪੇਟ ਦੇ ਪੱਠਿਆਂ ਵਿਚ ਦੁੱਖਦਾਈ ਕੜੱਲ ਵੀ ਪੈਂਦੇ ਹਨ। ਗਰਮੀ ਤੋਂ ਪੈਦਾ ਹੋਏ ਇਨ੍ਹਾਂ ਕੜੱਲਾਂ ਨੂੰ ਉਦੋਂ ਆਰਾਮ ਆਉਂਦਾ ਹੈ ਜਦੋਂ ਸਰੀਰ ਵਿੱਚੋਂ ਨਿਕਲ ਚੁੱਕੇ ਲੂਣ ਦਾ ਘਾਟਾ ਪੂਰਾ ਹੋ ਜਾਵੇ। ਲੂ ਲੱਗਣ ਦੀ ਹਾਲਤ 'ਚ ਮਰੀਜ਼ ਨੂੰ ਤੁਰੰਤ ਫਸਟ ਏਡ ਅਤੇ ਡਾਕਟਰੀ ਸਹਾਇਤਾ ਮਿਲਣੀ ਜ਼ਰੂਰੀ ਹੈ ਨਹੀਂ ਤਾਂ ਹਾਲਤ ਗੰਭੀਰ ਹੋ ਸਕਦੀ ਹੈ। ਤੁਰੰਤ ਅਸਰਦਾਰ ਉੱਪਰਾਲੇ ਕਰਕੇ ਰੋਗੀ ਦੀ ਜਾਨ ਬਚਾਈ ਜਾ ਸਕਦੀ ਹੈ। ਤੁਰੰਤ ਕੀਤੀ ਜਾਣ ਵਾਲੀ ਫਸਟ ਏਡ ਵਿਚ ਪੀੜਤ ਨੂੰ ਠੰਢੇ ਵਾਤਾਵਰਨ ਵਿਚ ਲੈ ਜਾਓ ਅਤੇ ਲਿਟਾ ਦਿਓ। ਧਿਆਨ ਰੱਖੋ ਕਿ ਸਿਰ ਵਾਲਾ ਪਾਸਾ ਉੱਚਾ ਰਹੇ। ਜੇ ਪੀੜਤ ਉਲਟੀਆਂ ਨਹੀਂ ਕਰ ਰਿਹਾ ਤਾਂ ਉਸ ਨੂੰ ਪਿੱਠ ਦੇ ਭਾਰ ਲਿਟਾਓ। ਜੇ ਉਲਟੀਆਂ ਜਾਂ ਦੌਰੇ ਦੀ ਸਥਿਤੀ ਹੈ ਤਾਂ ਉਸ ਨੂੰ ਵੱਖੀ-ਭਾਰ ਜਾਂ ਰਿਕਵਰੀ ਪੁਜੀਸ਼ਨ 'ਚ ਲਿਟਾਓ। ਰੋਗੀ ਦੇ ਤੰਗ ਕੱਪੜੇ ਢਿੱਲੇ ਕਰ ਦਿਓ ਜਾਂ ਉਤਾਰ ਦਿਓ। ਸਿਰ ਅਤੇ ਮੱਥੇ 'ਤੇ ਠੰਢੇ ਪਾਣੀ ਦੇ ਤੌਲੀਏ ਰੱਖੋ। ਕਮਰੇ 'ਚ ਪੱਖਾ ਜਾਂ ਕੂਲਰ ਚਲਾ ਦਿਓ ਤਾਂ ਕਿ ਵਧਦੇ ਤਾਪਮਾਨ ਨੂੰ ਕੰਟਰੋਲ ਕੀਤਾ ਜਾ ਸਕੇ। ਠੰਢੇ ਪਾਣੀ ਦੀਆਂ ਪੱਟੀਆਂ ਨਾਲ ਸਰੀਰ ਸਪੰਜ ਕਰੋ। ਸਰੀਰ ਉੱਪਰ ਗਿੱਲਾ ਪਤਲਾ ਕੱਪੜਾ ਵੀ ਦਿੱਤਾ ਜਾ ਸਕਦਾ ਹੈ। ਪੀੜਤ ਨੂੰ ਬਹੁਤੀ ਠੰਢ ਨਾ ਲੱਗੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਮਰੀਜ਼ ਦੀ ਹਰ ਦਸ ਮਿੰਟ ਬਾਅਦ ਜਾਂਚ ਕਰੋ ਅਤੇ ਜਦੋਂ ਇਹ ਤਾਪਮਾਨ 38 ਡਿਗਰੀ ਸੈਂਟੀਗਰੇਡ ਜਾਂ 101 ਡਿਗਰੀ ਫਾਰਨਹੀਟ ਤਕ ਪੁੱਜ ਜਾਵੇ ਤਾਂ ਇਹ ਤਰੀਕਾ ਬੰਦ ਕਰ ਦਿਓ। ਪੀੜਤ ਨੂੰ ਠੰਢੇ ਪਾਣੀ 'ਚ ਨਮਕ, ਚੀਨੀ ਅਤੇ ਨਿੰਬੂ ਪਾਕੇ ਸ਼ਿਕੰਜਵੀ ਦਿਓ। ਜੂਸ, ਲੱਸੀ ਵਗੈਰਾ ਵੀ ਦਿੱਤੀ ਜਾ ਸਕਦੀ ਹੈ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਪੀਣ ਲਈ ਨਾ ਦਿਓ। ਇਸ ਤਰ੍ਹਾਂ ਕਰਨ ਨਾਲ ਪਾਣੀ ਸਾਹ ਨਾਲੀ ਵਿਚ ਜਾ ਕੇ ਸਾਹ ਦੀ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।

• ਮੋ: 98557-00157

### ਗਰਮੀ ਦੀ ਥਕਾਵਟ

*ਬੇਹੋਸ਼ ਵਿਅਕਤੀ ਨੂੰ ਕਿਸੇ ਠੰਢੀ, ਹਵਾਦਾਰ ਜਗ੍ਹਾ 'ਤੇ ਇਸ ਤਰ੍ਹਾਂ ਲਿਟਾਉਣਾ ਚਾਹੀਦਾ ਹੈ ਕਿ ਉਸ ਦੇ ਪੈਰ ਬਾਕੀ ਸਰੀਰ ਨਾਲੋਂ ਉੱਚੇ ਹੋਣ। ਤੰਗ ਕੱਪੜੇ ਢਿੱਲੇ ਕਰੋ ਅਤੇ ਪਸੀਨਾ ਪੂੰਝ ਦਿਓ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਨਾ ਦਿਓ। ਹੋਸ਼ ਵਿਚ ਆਉਣ 'ਤੇ ਸ਼ਿਕੰਜਵੀ, ਜੂਸ ਜਾਂ ਲੱਸੀ ਦਿੱਤੀ ਜਾ ਸਕਦੀ ਹੈ।*

### ਸਾਵਧਾਨੀਆਂ

ਕੜਾਕੇ ਦੀ ਧੁੱਪ 'ਚ ਜਿੱਥੋਂ ਤਕ ਸੰਭਵ ਹੋਵੇ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਨਿਰਜਲੀਕਰਨ ਤੋਂ ਬਚਣ ਲਈ ਤੇਜ਼ ਧੁੱਪ ਵਿਚ ਬਾਹਰ ਨਿਕਲੋਂ ਤਾਂ ਕਾਫ਼ੀ ਪਾਣੀ ਪੀ ਕੇ ਬਾਹਰ ਜਾਓ। ਲੂ ਤੋਂ ਬਚਣ ਲਈ ਪੇਟ ਵਿਚ ਪਾਣੀ ਨਾ ਘਟਣ ਦਿਓ ਕਿਉਂਕਿ ਪਸੀਨੇ ਰਾਹੀਂ ਕਾਫ਼ੀ ਮਾਤਰਾ 'ਚ ਪਾਣੀ ਅਤੇ ਨਮਕ ਬਾਹਰ ਆਉਂਦਾ ਹੈ। ਬਹੁਤੀ ਮਾਤਰਾ ਵਿਚ ਪਾਣੀ ਪੀਓ। ਹਰ 20 ਮਿੰਟ ਪਿੱਛੋਂ ਇਕ ਗਲਾਸ ਪਾਣੀ ਪੀਓ। ਗਰਮੀਆਂ ਵਿਚ ਚਾਹ, ਕਾਫ਼ੀ ਦੀ ਵਰਤੋਂ ਘੱਟ ਜਾਂ ਬੰਦ ਕਰ ਦੇਣਾ ਹੀ ਬਿਹਤਰ ਹੈ। ਸਾਫ਼ ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵਰਤੋਂ ਵੱਧ ਕਰੋ। ਧੁੱਪ 'ਚ ਬਾਹਰ ਜਾਣ ਵੇਲੇ ਚੰਗੀ ਕਿਸਮ ਦੀਆਂ ਐਨਕਾਂ ਦੀ ਵਰਤੋਂ ਕਰੋ। ਸਿਰ ਉੱਪਰ ਤੌਲੀਆ ਜ਼ਰੂਰ ਰੱਖੋ। ਚਮੜੀ 'ਤੇ ਸਨਸਕ੍ਰੀਨ ਕਰੀਮ ਦੀ ਵਰਤੋਂ ਚਮੜੀ ਨੂੰ ਝੁਲਸਣ ਤੋਂ ਬਚਾਉਂਦੀ ਹੈ। ਸਨ ਬਰਨਜ਼ ਤੋਂ ਬਚਣ ਲਈ ਸਰੀਰ ਦੇ ਜ਼ਿਆਦਾਤਰ ਹਿੱਸੇ ਨੂੰ ਢੱਕ ਕੇ ਰੱਖੋ। ਲੂ ਤੋਂ ਬਚਾਉ ਲਈ ਹਮੇਸ਼ਾ ਮੌਸਮ ਦੀ ਤਬਦੀਲੀ ਨਾਲ ਹੀ ਆਪਣੇ ਖਾਣ-ਪੀਣ 'ਚ ਤਬਦੀਲੀ ਕਰੋ। ਭੋਜਨ ਵਿਚ ਜਲਦੀ ਪਚਣ ਵਾਲੇ ਠੰਢੇ ਤਰਲ, ਦਹੀਂ, ਲੱਸੀ, ਸਲਾਦ ਆਦਿ ਦੀ ਵਰਤੋਂ ਕਰੋ। ਤੇਜ਼ ਮਸਾਲੇਦਾਰ, ਗਰਮੀ ਵਾਲੇ ਭੋਜਨ ਨਾ ਖਾਓ, ਬਜ਼ਾਰੂ ਗੰਦੇ ਜੂਸ, ਕੁਲਫੀਆਂ, ਫਲਾਂ ਦੀ ਚਾਟ, ਬਾਜ਼ਾਰ ਦੀ ਗੰਦੀ ਬਰਫ਼ ਦਾ ਘੱਟ ਇਸਤੇਮਾਲ ਕਰੋ, ਕੱਟ ਕੇ ਰੱਖੇ ਅਣਢਕੇ ਫਲ ਗਲੀਆਂ ਸੜੀਆਂ ਸਬਜ਼ੀਆਂ ਅਤੇ ਫਲ ਨਾ ਖਾਓ। ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ, ਗਰਮੀਆਂ ਵਿਚ ਸਾਫ਼ ਸੁਥਰੇ, ਹਲਕੇ ਰੰਗ ਦੇ, ਖੁੱਲ੍ਹੇ ਅਤੇ ਹਵਾਦਾਰ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ। ਜਿੱਥੋਂ ਤਕ ਸੰਭਵ ਹੋ ਸਕੇ ਸਿਰ ਉੱਪਰ ਸਿੱਧੀ ਧੁੱਪ ਨਹੀਂ ਪੈਣ ਦੇਣੀ ਚਾਹੀਦੀ। ਇਸ ਲਈ ਛਤਰੀ ਆਦਿ ਦੀ ਵਰਤੋਂ ਲਾਹੇਵੰਦ ਸਿੱਧ ਹੋ ਸਕਦਾ ਹੈ।



# ਅੱਖਾਂ ਦਾ ਰੱਖੋ ਖ਼ਾਸ ਖ਼ਿਆਲ

ਅੱਜਕੱਲ੍ਹ ਬਹੁਤ ਸਾਰੇ ਲੋਕਾਂ ਦੀ ਨਜ਼ਰ ਕਮਜ਼ੋਰ ਹੋ ਰਹੀ ਹੈ। ਇਸ ਲਈ ਮੋਟੇ-ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਛੱਡ ਕੇ ਲੈਂਨਜ਼ ਲਗਾਉਣ ਦਾ ਟਰੈਂਡ ਜ਼ਿਆਦਾ ਵੱਧ ਰਿਹਾ ਹੈ। ਇਸ ਨੂੰ ਲਗਾਉਣ ਤੋਂ ਬਾਅਦ ਤੁਸੀਂ ਆਰਾਮ ਨਾਲ ਤਾਂ ਰਹਿੰਦੇ ਹਨ ਪਰ ਇਸਦਾ ਅੱਖਾਂ 'ਤੇ ਬੁਰਾ ਪ੍ਰਭਾਵ ਵੀ ਪੈਂਦਾ ਹੈ। ਇਸ ਲਈ ਇਸ ਦੀ ਵਰਤੋਂ ਤੋਂ ਪਹਿਲਾਂ ਕੁੱਝ ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ। ਅੱਖਾਂ ਵਿਚ ਇਨਫੈਕਸ਼ਨ ਹੋਣ 'ਤੇ ਇਸ ਦਾ ਇਸਤਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਜਦੋਂ ਅੱਖ ਵਿਚ ਕੋਈ ਇਨਫੈਕਸ਼ਨ ਹੋਵੇ ਤਾਂ ਫਿਰ ਇਸ ਦੀ ਵਰਤੋਂ ਕਰਨ ਨਾਲ ਤੁਹਾਡੀਆਂ ਅੱਖਾਂ ਨੂੰ ਹੋਰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਅੱਖਾਂ ਦਾ ਲਾਲ ਹੋਣਾ

*ਸਾਡੀਆਂ ਅੱਖਾਂ ਬਹੁਤ ਹੀ ਅਨਮੋਲ ਹੁੰਦੀਆਂ ਹਨ ਤੇ ਇਸ ਵਿਚ ਇਨਫੈਕਸ਼ਨ ਦਾ ਡਰ ਰਹਿੰਦਾ ਹੈ। ਜੇ ਤੁਸੀਂ ਵੀ ਲੈਨਜ਼ ਲਗਾਉਂਦੇਂ ਹੋ ਤਾਂ ਉਸ ਨੂੰ ਚੰਗੀ ਤਰ੍ਹਾਂ ਸਫ਼ਾਈ ਵਾਲੇ ਹੱਥਾਂ ਨਾਲ ਲਗਾਓ ਤੇ ਲੈਨਜ਼ ਨੂੰ ਕੱਢਣ ਤੋਂ ਬਾਅਦ ਉਸ ਨੂੰ ਉਸਦੇ ਸਲੂਸ਼ਨ ਵਿਚ ਰੱਖੋਂ। ਤੁਹਾਡੇ ਲੈਂਨਜ਼ ਤੇ ਕੋਈ ਵੀ ਬਾਰੀਕ ਕਣ ਲੱਗਾ ਹੋਵੇ ਤਾਂ ਉਸ ਨਾਲ ਤੁਹਾਡੀ ਅੱਖ ਲਾਲ ਹੋਣ ਦਾ ਖ਼ਤਰਾ ਹੁੰਦਾ ਹੈ।*

### ਅੱਖਾਂ ਦਾ ਖ਼ੁਸ਼ਕ ਹੋਣਾ

ਲੈਨਜ਼ ਦੀ ਵਰਤੋਂ ਜ਼ਿਆਦਾ ਲੰਬੇ ਸਮੇਂ ਤਕ ਨਹੀਂ ਕਰਨੀ ਚਾਹੀਦੀਂ। ਕੁੱਝ ਲੋਕ ਜ਼ਿਆਦਾ ਲੰਬੇ ਸਮੇਂ ਤਕ ਲੈਨਜ਼ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਅੱਖਾਂ ਖ਼ੁਸ਼ਕ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਲੈਂਨਜ਼ ਉਤਾਰਣ ਤੋਂ ਬਾਅਦ ਵੀ ਅੱਖਾਂ ਵਿਚ ਜਲਨ ਹੋਣ ਲੱਗ ਜਾਂਦੀ ਹੈ।

### ਅੱਖਾਂ 'ਚ ਪਾਣੀ ਆਉਣਾ

ਸੋਫਟ ਲੈਂਨਜ਼ ਜ਼ਿਆਦਾਤਰ ਇਸਤੇਮਾਲ ਕਰਨ ਨਾਲ ਅੱਖਾਂ ਵਿਚ ਇੰਟਰਾਕੂਲਰ ਨਾਂ ਦਾ ਤਰਲ ਪਦਾਰਥ ਬਣਨ ਲੱਗ ਜਾਂਦਾ ਹੈ ਅਤੇ ਇਹ ਅੱਖਾਂ ਦੀ ਰੇਟੀਨਾ ਤੇ ਇੱਕਠਾ ਹੋਣ ਲੱਗ ਜਾਂਦਾ ਹੈ। ਇਸ ਨਾਲ ਅੱਖਾਂ ਵਿਚ ਇਨਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ।

### ਸੋਜ਼ਿਸ਼ ਦੀ ਸਮੱਸਿਆ

ਜੇ ਤੁਸੀਂ ਪਲਾਸਟਿਕ ਜਾਂ ਸਿਲੀਕੋਨ ਲੈਂਨਜ਼ ਦੀ ਵਰਤੋਂ ਕਰਦੇ ਹੋ ਤਾਂ ਅੱਖਾਂ ਦੀਆਂ ਪਲਕਾਂ ਵਿਚ ਸੋਜ ਪੈ ਜਾਂਦੀ ਹੈ।

# ਫ਼ਾਇਦੇਮੰਦ ਹੈ ਰੇਸ਼ੇਦਾਰ ਭੋਜਨ

ਜੇ ਤੁਸੀਂ ਰੇਸ਼ੇਦਾਰ ਭੋਜਨ ਕਰਨ ਦੇ ਆਦੀ ਹੋ ਤਾਂ ਕਈ ਤਕਲੀਫ਼ਾਂ ਤੋਂ ਬਚੇ ਰਹੋਗੇ। ਤੁਸੀਂ ਆਪਣੇ ਭੋਜਨ ਵਿਚ ਰੇਸ਼ੇ ਦੀ ਵੱਡੀ ਮਾਤਰਾ ਲੈ ਰਹੇ ਹੋ ਤਾਂ ਤੁਹਾਨੂੰ ਵੱਡੀ ਅੰਤੜੀ ਦਾ ਕੈਂਸਰ ਨਹੀਂ ਹੋਵੇਗਾ। ਹਰਨੀਆਂ ਨੂੰ ਵੀ ਰੇਸ਼ੇਦਾਰ ਭੋਜਨ ਕਰਕੇ ਰੋਕਿਆ ਜਾ ਸਕਦਾ ਹੈ। ਅਫਰੀਕੀ ਲੋਕਾਂ ਨੂੰ ਇਹ ਰੋਗ ਬਹੁਤ ਘੱਟ ਹੁੰਦੇ, ਕਿਉਂਕਿ ਉਹ ਲੋਕ ਰੇਸ਼ੇਦਾਰ ਭੋਜਨ ਵੱਧ ਮਾਤਰਾ ਵਿਚ ਲੈਂਦੇ ਹਨ। ਸ਼ਾਕਾਹਾਰੀਆਂ ਦੇ ਭੋਜਨ ਵਿਚ ਮਾਸਾਹਾਰੀਆਂ ਦੇ ਮੁਕਾਬਲੇ ਜ਼ਿਆਦਾ ਰੇਸ਼ੇ ਹੁੰਦੇ ਹਨ।

- ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਦਫ਼ਤਰ ਆਦਿ ਵਿਚ ਵਰਕਰਾਂ ਨੂੰ ਜਿਵੇਂ ਘੰਟਿਆਂ ਬੱਧੀ ਸਿੱਧੀ ਕੁਰਸੀ 'ਤੇ ਬੈਠ ਕੇ ਕੰਮ ਕਰਨਾ ਪੈਂਦਾ ਹੈ। ਇਸ ਨਾਲ ਕਈ ਤਰ੍ਹਾਂ ਦੀਆਂ ਮੁਸੀਬਤਾਂ ਪੈਦਾ ਹੋ ਸਕਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਅਸੀਂ ਲੰਬੇ ਸਮੇਂ ਤਕ ਸਿੱਧੇ ਬੈਠਦੇ ਹਾਂ ਰੀੜ੍ਹ ਦੀ ਹੱਡੀ 'ਤੇ ਬਹੁਤ ਦਬਾਅ ਪੈਂਦਾ ਹੈ ਅਤੇ ਇਹ ਹੱਡੀ ਹੌਲੀ-ਹੌਲੀ 'ਸੀ' ਆਕਾਰ 'ਚ ਆ ਜਾਂਦੀ ਹੈ। ਜਿਹੜੀ ਨੁਕਸਾਨਦੇਹ ਹੈ ਅਤੇ ਪਿੱਠ ਦਰਦ ਦਾ ਕਾਰਨ ਬਣ ਜਾਂਦੀ ਹੈ। ਦਫ਼ਤਰਾਂ 'ਚ ਆਰਾਮ ਕੁਰਸੀਆਂ ਰੱਖੀਆਂ ਜਾਣ, ਜਿਸ ਨਾਲ ਦਿਲ, ਪਾਚਨ ਪ੍ਰਣਾਲੀ ਅਤੇ ਰੀੜ੍ਹ ਦੀ ਹੱਡੀ 'ਤੇ ਦਬਾਅ ਨਹੀਂ ਪਵੇਗਾ।



- ਭਾਰ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਜੂਸ ਪੀਓ ਤਾਂ ਜੋ ਬਾਅਦ ਵਿਚ ਭੋਜਨ ਘੱਟ ਖਾਧਾ ਜਾਵੇ। ਇਕ ਸੋਧ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਫਲ਼ਾਂ ਤੋਂ ਪ੍ਰਾਪਤ ਸ਼ੂਗਰ ਫਰਕਟੋਸ ਭੁੱਖ ਘੱਟ ਕਰਨ ਵਾਲੀ ਇਕ ਚੰਗੀ ਦਵਾ ਹੈ। ਫਲ਼ਾਂ ਦਾ ਰਸ ਕਈ ਰੋਗ ਜਿਵੇਂ ਅਸਥਮਾ, ਡਾਇਬਟੀਜ਼, ਕਬਜ਼ ਆਦਿ ਨੂੰ ਦੂਰ ਕਰਨ ਵਿਚ ਸਹਾਈ ਹੁੰਦਾ ਹੈ।

• ਸੁਖਮੰਦਰ ਸਿੰਘ ਤੂਰ

# ਐੱਚਬੀਓਟੀ ਥੈਰੇਪੀ

ਡਾ. ਹਰਿੰਦਰਪਾਲ ਸਿੰਘ

ਅੱਜ ਕੱਲ੍ਹ ਦੇ ਬਦਲਦੇ ਦੌਰ ਵਿਚ ਗ਼ਲਤ ਖਾਣ-ਪੀਣ ਕਾਰਨ ਖਾਣੇ ਦੇ ਪਾਚਨ ਤੋਂ ਇਕ ਚਿਕਨਾ ਪਦਾਰਥ ਬਣਦਾ ਹੈ ਜਿਸਨੂੰ ਕਿ ਪਲੈਕ ਕਿਹਾ ਜਾਂਦਾ ਹੈ। ਇਹ ਪਲੈਕ ਫਿਰ ਦਿਲ ਦੀਆਂ ਧਮਣੀਆਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ਪਰ ਮੈਂ ਇੱਥੇ ਅਸਲੀ ਦੁਸ਼ਮਣ ਦੀ ਗੱਲ ਕਰ ਰਿਹਾ ਹਾਂ ਜੋ ਕਿ ਸ਼ੂਗਰ, ਦਿਲ ਦੇ ਰੋਗ ਆਰਥਰਾਇਟਸ, ਅਲਜਾਈਮਰ ਬਲੱਡ ਪ੍ਰੈਸ਼ਰ ਅਤੇ ਕੈਂਸਰ ਆਦਿ ਵਰਗੇ ਅਨੇਕਾਂ ਭਿਆਨਕ ਰੋਗਾਂ ਲਈ ਜ਼ਿੰਮੇਵਾਰ ਹੈ। ਇਹ ਰੋਗ ਕਿਸੇ ਕੋਲੈਸਟ੍ਰੋਲ ਜਾਂ ਸਿਰਫ਼ ਕਿਸੇ ਜੀਨ ਦੀ ਖ਼ਰਾਬੀ ਕਰਕੇ ਨਹੀਂ ਹੁੰਦੇ ਜਿਵੇਂ ਕਿ ਸਮਝਿਆ ਜਾਂਦਾ ਹੈ। ਇਨ੍ਹਾਂ ਰੋਗਾਂ ਦਾ ਮੁੱਖ ਕਾਰਨ ਹੈ ਸੋਜਸ਼ ਜਾਂ ਜਲਣ ਜਿਸ ਨੂੰ ਕਿ ਇਨਫਲੇਮੇਸ਼ਨ ਕਿਹਾ ਜਾਂਦਾ ਹੈ ਇਹ ਇਨਫਲੇਮੇਸ਼ਨ ਹੀ ਸਾਰੇ ਦਰਦਾਂ ਦਾ ਕਾਰਨ ਬਣਦੀ ਹੈ। ਅੱਜ ਇਸ ਵਿਸ਼ੇ 'ਤੇ ਕਾਫ਼ੀ ਵਿਗਿਆਨਕ ਖੋਜ ਕੇਂਦਰਿਤ ਹੋ ਚੁੱਕੀ ਹੈ ਕਿ ਕਿਵੇਂ ਇਨਫਲੇਮੇਸ਼ਨ ਸਰੀਰ 'ਤੇ ਹਮਲਾ ਕਰਦੀ ਹੈ ਅਤੇ ਕਿਵੇਂ ਐੱਚਬੀਓਟੀ ਥੈਰੇਪੀ ਇਸ ਨੂੰ ਉਸ ਥਾਂ 'ਤੇ ਹੀ ਖ਼ਤਮ ਕਰ ਦਿੰਦੀ ਹੈ।

### ਹਾਈਪਰਬੇਰਿਕ ਚੈਂਬਰ ਦੀ ਮਹੱਤਤਾ

ਅੱਜ ਦੇ ਮਾਡਰਨ ਜ਼ਮਾਨੇ ਵਿਚ ਇਨਫਲੇਮੇਸ਼ਨ 'ਤੇ ਜਿੱਤ ਹਾਸਲ ਕਰਨ ਨੂੰ ਹੀ ਐਂਟੀ ਏਜਿੰਗ ਦਾ ਥੰਮ ਮੰਨਿਆ ਜਾਂਦਾ ਹੈ। ਕੁੱਝ ਅਗਾਂਹਵਧੂ ਸੋਚ ਵਾਲੇ ਡਾਕਟਰ ਅਤੇ ਸਾਇੰਸਦਾਨ ਪਿਛਲੇ ਤੀਹ ਸਾਲ ਤੋਂ ਇਸ ਥੈਰੇਪੀ ਦਾ ਇਸਤੇਮਾਲ ਕਰਦੇ ਆ ਰਹੇ ਹਨ। ਜਿਸ ਦੌਰਾਨ ਮਰੀਜ਼ ਨੂੰ ਆਕਸੀਜਨ ਨਾਲ ਭਰੇ ਹਾਈਪਰਬੇਰਿਕ ਚੈਂਬਰ ਵਿਚ ਬਿਠਾ ਕਿ 1.5 ਟਾਈਮ ਨਾਰਮਲ ਆਟਮੋਸਫੇਰਿਕ ਦਬਾਅ ਤੇ ਸਾਹ ਕਿਰਿਆ ਕਰਵਾਈ ਜਾਂਦੀ ਹੈ। ਇਹ ਥੈਰੇਪੀ ਸੈਰੇਬਰਲ ਪਾਲਸੀ ਤੋਂ ਪ੍ਰਭਾਵਿਤ ਬੱਚੇ ਅਤੇ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਵਿਚ ਕਾਫ਼ੀ ਕਾਰਗਰ ਸਾਬਿਤ ਹੋਈ ਹੈ। ਅੱਜ ਹਰ ਵਿਅਕਤੀ ਸਰੀਰ ਵਿਚ ਆਕਸੀਜਨ ਦੇ ਘੱਟ ਪੱਧਰ ਤੋਂ ਪੀੜਤ ਹੁੰਦਾ ਜਾ ਰਿਹਾ ਹੈ। ਇਸਦੇ ਘੱਟ ਪੱਧਰ ਬਾਰੇ ਸਾਡੇ ਸਰੀਰ ਵਿਚ ਉਪਰੋਕਤ ਲੱਛਣ ਦਿਸਣ ਲੱਗ ਪੈਂਦੇ ਜਿਵੇਂ ਕਿ ਥਕਾਵਟ, ਦਰਦਾਂ, ਸਿਰਦਰਦ, ਦਿਮਾਗ਼ੀ ਧੁੰਦ, ਅਤੇ ਕਈ ਵਾਰ ਭਾਰ ਦਾ ਵਧਣਾ ਆਦਿ ਜੇ ਅਸੀਂ ਇਸਨੂੰ ਕੰਟਰੋਲ ਨਹੀਂ ਕਰਦੇ ਤਾਂ ਇਹ ਹਾਈਪੋਕਸੀਆ ਦਾ ਕਾਰਨ ਬਣਦੀ ਹੈ ਜੋ ਕਿ ਆਕਸੀਜਨ ਦੇ ਨਿਊਨਤਮ ਪੱਧਰ ਦੀ ਇਕ ਸੀਰੀਅਸ ਹਾਲਤ ਹੈ ਅਤੇ ਇਸਦਾ ਸੰਬੰਧ ਦਿਮਾਗ਼ ਦਾ ਕਮਜ਼ੋਰ ਹੋਣਾ ਅਤੇ ਕੈਂਸਰ ਆਦਿ।



### ਕੈਂਸਰ ਦਾ ਮੁੱਖ ਕਾਰਨ

ਜਦੋਂ ਸੈੱਲਾਂ ਵਿਚ ਆਕਸੀਜਨ ਦੀ ਸਪਲਾਈ 60 ਫ਼ੀਸਦੀ ਤੋਂ ਘੱਟ ਜਾਵੇ ਤਾਂ ਕੈਂਸਰ ਹੋ ਜਾਂਦਾ ਹੈ। ਕੈਂਸਰ ਹੋਣ ਦੇ ਮੁੱਖ ਦੋ ਹੀ ਕਾਰਨ ਹਨ। ਸੈੱਲਾਂ ਵਿਚ ਆਕਸੀਜਨ ਦਾ ਪੱਧਰ ਘੱਟ ਜਾਣਾ ਅਤੇ ਵੱਧ ਤੇਜ਼ਾਬੀ ਮਾਦੇ ਦਾ ਇਕੱਠਾ ਹੋ ਜਾਣਾ। ਅੱਜ ਸੰਸਾਰ ਵਿਚ ਹਜ਼ਾਰਾਂ ਡਾਕਟਰ ਆਕਸੀਜਨ ਥਰੈਪੀ ਨਾਲ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ ਕਿਉਂਕਿ ਆਕਸੀਜਨ ਨੂੰ ਨਾ ਤਾਂ ਪੇਟੈਂਟ ਕਰਵਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਤੋਂ ਜ਼ਿਆਦਾ ਕਮਾਈ ਕੀਤੀ ਜਾ ਸਕਦੀ ਹੈ। ਆਕਸੀਜਨ ਦਾ ਪੱਧਰ ਘਟਣ ਦੇ ਕਈ ਕਾਰਨ ਹਨ ਜਿਵੇਂ ਤਣਾਅ, ਚਿੰਤਾ , ਡਰ, ਦਬਾਅ, ਅਨੀਮੀਆ, ਸਿਗਰਟਨੋਸ਼ੀ , ਜ਼ਿਆਦਾ ਸ਼ਰਬ ਆਦਿ ਦਾ ਸੇਵਨ ਅਤੇ ਸਾਹ ਲੈਣ ਦਾ ਗ਼ਲਤ ਤਰੀਕਾ ਆਦਿ। ਇਸ ਥਰੈਪੀ ਦਾ ਇਸਤੇਮਾਲ 1930 ਤੋਂ ਕੀਤਾ ਜਾ ਰਿਹਾ ਹੈ। ਉਸ ਟਾਈਮ ਇਹ ਸਮੁੰਦਰ ਵਿਚ ਜਾਣ ਵਾਲੇ ਗੋਤਾਖੋਰਾਂ ਦੇ ਇਲਾਜ ਲਈ ਇਸਤੇਮਾਲ ਕੀਤੀ ਜਾਂਦੀ ਸੀ। ਫਿਰ 1960ਵਿਚ ਕਾਰਬਨ ਮੋਨੋਆਕਸਾਈਡ ਜ਼ਹਿਰ ਤੋਂ ਪੀੜਤਾਂ ਤੇ ਇਸਦਾ ਇਸਤੇਮਾਲ ਕੀਤਾ ਜਾਣ ਲੱਗ ਪਿਆ। ਅੱਜ ਕਈ ਹਸਪਤਾਲ ਸਰਜਰੀ ਕਾਰਨ ਜਾਂ ਸਰੀਰ ਦੀ ਕਮਜ਼ੋਰ ਸਰਕੂਲੇਸ਼ਨ ਅਤੇ ਸ਼ੂਗਰ ਕਾਰਨ ਹੋਣ ਵਾਲੇ ਜ਼ਖਮਾਂ ਨੂੰ ਠੀਕ ਕਰਨ ਲਈ ਇਸ ਥਰੈਪੀ ਦਾ ਇਸਤੇਮਾਲ ਕਰ ਰਹੇ ਹਨ। ਸਾਡੇ ਸਰੀਰ ਦਾ ਹਰੇਕ ਸੈੱਲ ਆਕਸੀਜਨ ਲੈਂਦਾ ਹੈ ਉਹ ਇਸਨੂੰ ਸੈੱਲ ਵਿਚ ਹੋਣ ਵਾਲੀ ਟੁੱਟ-ਭੱਜ ਅਤੇ ਡੀਐਨਏ ਦੀ ਮੁਰੰਮਤ ਲਈ ਇਸਤੇਮਾਲ ਕਰਦਾ ਹੈ। ਆਕਸੀਜਨ ਦਾ ਇਸਤੇਮਾਲ ਨਵੇਂ ਤੰਦਰੁਸਤ ਸੈੱਲਾਂ ਦੇ ਨਿਰਮਾਣ ਲਈ ਵੀ ਹੁੰਦਾ ਹੈ। ਜਦੋਂ ਵੀ ਸਰੀਰਕ ਵਿਚ ਸੱਟ ਲਗਦੀ ਹੈ ਤਾਂ ਉਸ ਜਗ੍ਹਾ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਫਿਰ ਭਾਵੇਂ ਜ਼ਖਮ ਹੋਵੇ ਜਾਂ ਧਮਣੀਆਂ ਦੀ ਬਲਾਕੇਜ਼। ਐੱਚ. ਬੀ. ਓ. ਟੀ ਥੈਰੇਪੀ ਦੁਆਰਾ ਦਿੱਤੀ ਆਕਸੀਜਨ ਖ਼ੂਨ ਸੰਚਾਰ ਸਿਸਟਮ ਵਿਚ ਆਕਸੀਜਨ ਦਾ ਹੜ੍ਹ ਲਿਆ ਦਿੰਦੀ ਹੈ ਜੋ ਕਿ ਸਰੀਰ ਦੇ ਕੁਦਰਤੀ ਰੋਗ ਨਿਰੋਧਕ ਸਿਸਟਮ ਨੂੰ ਹਲੂਣ ਕੇ ਇਨਫਲੇਮੇਸ਼ਨ ਨੂੰ ਘੱਟ ਕਰਦੀ ਹੈ ਅਤੇ ਸੈੱਲਾਂ ਦੀ ਮੌਤ ਨੂੰ ਰੋਕਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਅੱਚ. ਬੀ. ਓ. ਟੀ ਹੋਰ ਕਈ ਮਹੱਤਵਪੂਰਨ ਕੰਮ ਕਰਦੀ ਹੈ।

### ਖ਼ਤਰਨਾਕ ਬੈਕਟੀਰੀਆ

- ਸੈੱਲਾਂ ਦੀ ਭਾਰੀਆਂ ਧਾਤਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਸਰੀਰ ਚੋਂ ਨਿਸਕਾਸਨ ਕਰਨ ਵਿਚ ਸਹਾਈ ਹੋਣਾ।
- ਦਿਮਾਗ਼ੀ ਸੈੱਲਾਂ ਨੂੰ ਦੁਬਾਰਾ ਪੈਦਾ ਕਰਨਾ ਅਤੇ ਸੋਜਸ਼ ਨੂੰ ਘੱਟ ਕਰਨਾ।
- ਚਮੜੀ ਦਾ ਲਚਕੀਲਾਪਣ ਅਤੇ ਕੋਲਾਜੀਨ ਨੂੰ ਦੁਬਾਰਾ ਪੈਦਾ ਕਰਨਾ ਤਾਂ ਜੋ ਤੁਸੀਂ ਜਵਾਨ ਦਿਖਾਈ ਦੇਵੋ।
- ਵਿਕਿਰਨਾਂ ਦੇ ਖ਼ਤਰਨਾਕ ਅਸਰ ਨੂੰ ਘਟਾ ਕੇ ਨਰਮ ਟਿਸ਼ੂਆਂ ਦੀ ਰੱਖਿਆ ਕਰਨਾ।
- ਪੱਠਿਆਂ ਦੀ ਗਤੀਸ਼ੀਲਤਾ ਤੇ ਖ਼ੂਨ ਉਤਕਾਂ ਦੀ ਪੈਦਾਵਾਰ ਨੂੰ ਗਤੀਸ਼ੀਲ ਕਰਨਾ।
- ਉਪਰੋਕਤ ਥਰੈਪੀ ਤੋਂ ਇਲਾਵਾ ਵੀ ਆਕਸੀਜਨ ਦੀ ਜ਼ਰੂਰੀ ਮਾਤਰਾ ਸਰੀਰ ਨੂੰ ਦੇ ਕੇ ਇਹ ਸਾਰੇ ਲਾਭ ਲਏ ਜਾ ਸਕਦੇ ਹਨ ਜਿਵੇਂ ਕਿ ਆਪਣੇ ਫੇਫੜਿਆਂ ਦੀ ਸਮਰੱਥਾ ਵਧਾਉਣਾ। ਇਸ ਮੰਤਵ ਲਈ ਸਵੇਰ ਵੇਲੇ ਤਾਜ਼ੀ ਸ਼ੁੱਧ ਹਵਾ ਵਿਚ ਜਾ ਕੇ 15 ਤੋਂ 20 ਮਿੰਟ ਤਕ ਗਹਿਰੇ ਸਾਹ ਲਵੋ, ਯਾਦ ਰਹੇ ਸਾਹ ਪੂਰਾ ਪੇਟ ਤਕ ਹਵਾ ਭਰ ਕੇ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਆਕਸੀਜਨ ਸਰੀਰ ਦੇ ਸਾਰੇ ਸੈੱਲ਼ਾਂ ਤਕ ਪਹੁੰਚ ਕੇ ਲਾਭ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸਪਲੀਮੈਂਟ ਦੇ ਤੌਰ 'ਤੇ ਵੀ ਲਈ ਜਾ ਸਕਦੀ ਹੈ।
- ਆਕਸੀਜਨ ਨੂੰ ਹਰੇਕ ਸੈੱਲ ਤਕ ਪਹੁਚਾਉਣ ਲਈ ਓਮੇਗਾ-3 ਫੈਟੀ ਐਸਿਡ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਲਾਲ ਖ਼ੂਨ ਦੇ ਸੈੱਲਾਂ ਦੀ ਝਿੱਲੀ ਦੀ ਰੱਖਿਆ ਕਰਦਾ ਹੈ। ਇਹ ਸੈੱਲਾਂ ਨੂੰ ਲਚਕੀਲਾ ਬਣਾਉਂਦਾ ਹੈ ਜਿਸਦੇ ਫਲਸਰੂਪ ਉਹ ਅਸਾਨੀ ਨਾਲ ਕੋਸ਼ਿਕਾਵਾ ਵਿਚ ਪਹੁੰਚ ਕੇ ਉਥੋਂ ਕਾਰਬਨਡਾਈਆਕਸਾਈਡ ਨੂੰ ਬਾਹਰ ਕਰਕੇ ਆਕਸੀਜਨ ਦਾ ਸੰਚਾਰ ਕਰਦੇ ਹਨ। ਇਸ ਤੋ ਇਲਾਵਾ ਇਹ ਓਮੇਗਾ -3 ਫੇਫੜਿਆਂ ਦੀਆਂ ਕੋਸ਼ਿਕਾਵਾਂ ਨੂੰ ਸਥਿਰ ਕਰਦਾ ਹੈ ਉਹ ਜ਼ਿਆਦਾ ਆਕਸੀਜਨ ਲੈ ਪਾਉਂਦੇ ਹਨ।

• 98148-13674

ਸ਼ਬਦੋ ਵਣਜਾਰਿਓ

# ਸਰਾਫ਼



ਪਰਮਜੀਤ ਢੀਂਗਰਾ
94173-58120

ਵੱਡੇ-ਵੱਡੇ ਸ਼ਹਿਰਾਂ ਵਿਚ ਜੌਹਰੀ ਬਜ਼ਾਰਾਂ ਵਾਂਗ ਸਰਾਫ਼ਾ ਬਜ਼ਾਰ ਵੀ ਹੁੰਦੇ ਹਨ ਜਿੱਥੇ ਆਮ ਤੌਰ ’ਤੇ ਸੋਨੇ, ਚਾਂਦੀ ਦੇ ਗਹਿਣਿਆਂ ਦਾ ਕਾਰੋਬਾਰ ਹੁੰਦਾ ਹੈ। ਮੂਲ ਰੂਪ ਵਿਚ ਇਹ ਅਰਬੀ ਜ਼ੁਬਾਨ ਦਾ ਸ਼ਬਦ ਹੈ। ਇਸ ਦੀ ਧਾਤੂ ਸਰ-ਫ ਹੈ ਜਿਸ ਵਿਚ ਭੁਗਤਾਨ ਅਤੇ ਵਿਕਰੀ ਦੇ ਭਾਵ ਜੁੜੇ ਹੋਏ ਹਨ। ਇਸ ਤੋਂ ਹੀ ਸਰਾਫ਼ ਸ਼ਬਦ ਬਣਿਆ ਜਿਸ ਦਾ ਅਰਥ ਹੈ-ਰੁਪਏ, ਗਹਿਣੇ, ਸੋਨੇ, ਚਾਂਦੀ ਦੇ ਭਾਂਡੇ, ਜ਼ੇਵਰਾਤ ਆਦਿ ਦਾ ਲੈਣ ਦੇਣ ਕਰਨ ਵਾਲਾ। ਨੋਟਾਂ ਦੇ ਬਦਲੇ ਛੋਟੇ ਨੋਟ ਬਦਲਣ ਵਾਲਾ। ਅਰਬੀ ਵਿਚ ਸਰਾਫ਼ ਦਾ ਇਕ ਰੂਪ ਸੈਰਾਫ਼ ਵੀ ਹੈ।

ਫ਼ਾਰਸੀ ਕੋਸ਼ਾਂ ਅਨੁਸਾਰ-ਸਰਾਫ਼ ਦਾ ਅਰਥ ਹੈ-ਪਰਖਣ ਵਾਲਾ, ਪਾਰਖੂ, ਚਾਂਦੀ, ਸੋਨਾ, ਅਸ਼ਰਫੀਆਂ ਆਦਿ ਪਰਖਣ ਵਾਲਾ, ਸੋਨੇ ਚਾਂਦੀ ਦਾ ਵਪਾਰੀ, ਵਿਆਕਰਣ ਦਾ ਅਚਾਰੀਆ। ਸ਼ਰਾਫ਼ਤ-ਸੋਨੇ ਚਾਂਦੀ ਦੀ ਪਰਖ। ਨਿਰੁਕਤ ਕੋਸ਼ ਅਨੁਸਾਰ-ਸੋਨੇ ਚਾਂਦੀ ਦਾ ਪਾਰਖੂ, ਅਸੀਰੀ (ਸਾਮ ਦੇਸ਼ ਦੀ ਭਾਸ਼ਾ) ਸਰਾਫ਼ੀ, ਸਿੱਕਿਆਂ ਦਾ ਲੈਣ ਦੇਣ ਕਰਨ ਵਾਲਾ। ਪੰਜਾਬੀ ਕੋਸ਼ ਅਨੁਸਾਰ -ਸੋਨੇ, ਚਾਂਦੀ ਦੇ ਜ਼ੇਵਰ, ਬਰਤਨ ਆਦਿ ਬਣਾਉਣ ਜਾਂ ਵੇਚਣ ਵਾਲਾ, ਭੰਨਘੜ ਵੇਚਣ ਵਾਲਾ ਸੇਠ, ਮੰਨਿਆ ਪ੍ਰਮੰਨਿਆ ਵਿਅਕਤੀ, ਇੱਜ਼ਤਦਾਰ ਆਦਮੀ, ਪਤਵੰਤਾ, ਭਲਾਮਾਣਸ ਬੰਦਾ। ਸਰਾਫ਼ਾ-ਸਰਾਫ਼ ਦਾ ਪੇਸ਼ਾ, ਸਰਾਫ਼ਾਂ ਦਾ ਬਜ਼ਾਰ, ਸਰਾਫ਼ੀ- ਸਰਾਫ਼ੀ ਦਾ ਕੰਮ, ਸਰਾਫ਼ ਦਾ ਧੰਦਾ, ਮਹਾਜਨੀ ਲਿੱਪੀ, ਲੰਡੇ, ਟਾਕਰੇ ਆਦਿ। ਅਰਬ ਮੁਲਕਾਂ ਨਾਲ ਤਜਾਰਤੀ ਸਬੰਧਾਂ ਕਰਕੇ ਸਦੀਆਂ ਪਹਿਲਾਂ ਇਹ ਲਫ਼ਜ਼ ਭਾਰਤੀ ਜ਼ੁਬਾਨਾਂ ਵਿਚ ਸ਼ਾਮਲ ਹੋਇਆ। ਅਰਬੀ ਤੋਂ ਇਹ ਫ਼ਾਰਸੀ ਵਿਚ ਗਿਆ। ਤਕਰੀਬਨ ਇਕ ਹਜ਼ਾਰ ਵਰ੍ਹੇ ਪਹਿਲਾਂ ਪਾਰਸੀਆਂ ਨੇ ਫਾਰਸ ਅਥਵਾ ਇਰਾਨ ਤੋਂ ਪਲਾਇਨ ਕੀਤਾ ਅਤੇ ਹਿੰਦੋਸਤਾਨ ਦੇ ਪੱਛਮੀ ਤੱਟ ਅਥਵਾ ਗੁਜਰਾਤ ਵਿਚ ਪੜਾ ਕੀਤਾ। ਉਨ੍ਹਾਂ ਨੇ ਕਈ ਧੰਦਿਆਂ ਵਿਚ ਕੰਮਕਾਰ ਕੀਤਾ ਪਰ ਇਨ੍ਹਾਂ ’ਚੋਂ ਪ੍ਰਮੁੱਖ ਰੁਪਏ ਪੈਸੇ ਦਾ ਲੈਣ ਦੇਣ ਸੀ। ਗੁਜਰਾਤ ਵਿਚ ਸਰਾਫ਼ ਉਪ ਨਾਮ ਵਜੋਂ ਵੀ ਪ੍ਰਚਲਤ ਹੈ। ਇਹ ਪਾਰਸੀਆਂ ਅਤੇ ਹਿੰਦੂਆਂ ਦੋਹਾਂ ਵਿਚ ਮਿਲਦਾ ਹੈ। ਅਰਬੀ ਦੇ ਸਰਾਫ਼ ਦਾ ਅੰਗਰੇਜ਼ੀ ਉਚਾਰਣ ਸ਼ਰਾਫ ਹੈ। ਹੁਣ ਇਹ ਨਾਂ ਦੁਨੀਆ ਵਿਚ ਪ੍ਰਚਲਤ ਹੋ ਗਿਆ ਹੈ। ਹਿਬਰੂ ਵਿਚ ਸਰ-ਫ’ ਧਾਤੂ ਤੋਂ ਬਣਿਆ ਸ਼ਬਦ ਸੋਰੇਫ ਪ੍ਰਚਲਤ ਹੈ ਜਿਸ ਦਾ ਅਰਥ ਹੈ-ਸੋਨੇ ਦਾ ਵਪਾਰੀ ਅਥਵਾ ਸੁਨਿਆਰਾ।

ਚੀਨ ਵਿਚ ਵੀ ਇਹ ਅੰਗਰੇਜ਼ੀ ਸ਼ਬਦ ਪ੍ਰਚਲਤ ਰਿਹਾ ਹੈ। ਚੀਨ ਦੇ ਕੈਂਟਨ ਵਿਚ ਸ਼ਰਾਫਿੰਗ ਸਕੂਲ ਚਲਦੇ ਸਨ ਜਿੱਥੇ ਲੈਣ ਦੇਣ ਸਬੰਧੀ ਸਿਖਲਾਈ ਦਿੱਤੀ ਜਾਂਦੀ ਸੀ। ਅਰਬੀ ਵਿਚ ਇਕ ਸ਼ਬਦ ਹੈ-ਮਸਰਿਫ- ਜਿਸ ਦਾ ਅਰਥ ਹੈ ਵਿਤੀ ਲੈਣ ਦੇਣ। ਅੱਜ ਇਸ ਦਾ ਅਰਥ ਬੈਂਕ ਹੋ ਗਿਐ। ਇਹ ਵੀ ਇਸੇ ਕੜੀ ਦਾ ਹੀ ਸ਼ਬਦ ਹੈ। •

## ਕਵਿਤਾਵਾਂ



ਗੁਰਮੀਤ ਕੜਿਆਲਵੀ
98726-40994

### ਚੱਲ ਮੁੜ ਚੱਲੀਏ

ਏਸ ਦਰਾਂ ਤੋਂ ਕੁਝ ਨਹੀਂ ਮਿਲਿਆ
ਚੱਲ ਮੁੜ ਚੱਲੀਏ
ਏਸ ਦਰਾਂ ਤੋਂ ਕੁਝ ਨਹੀਂ ਮਿਲਣਾ
ਚੱਲ ਮੁੜ ਚੱਲੀਏ।

ਧੱਕੇ-ਧੋੜੇ, ਲਾਰੇ ਮਿਲਣੇ
ਕੁਝ ਮਿੱਠੇ ਕੁਝ ਖਾਰੇ ਮਿਲਣੇ
ਚੁੱਕ ਨੀ ਹੋਣਾ ਭਾਰ ਜਿਨ੍ਹਾਂ ਦਾ
ਪਰਬਤ ਵਰਗੇ ਭਾਰੇ ਮਿਲਣੇ
ਚੱਲ ਮੁੜ ਚੱਲੀਏ।

ਰੰਗ-ਬਰੰਗੇ ਸੁਪਨੇ ਵੰਡਦੇ
ਇਹ ਦਰ ਆਪਣੇ ਹੀ ਢੰਗ ਦੇ
ਭੋਲੇ ਪੰਛੀ ਫਸ ਜਾਂਦੇ ਨੇ
ਸਿਆਣੇ ਇਸ ਰਾਹੋਂ ਨ੍ਹੀਂ ਲੰਘਦੇ
ਚੱਲ ਮੁੜ ਚੱਲੀਏ।

ਇਹ ਦਰ ਸ਼ਰਮ-ਹਯਾ ਤੋਂ ਖ਼ਾਲੀ
ਇਹ ਦਰ ਜ਼ਹਿਰੀ ਬਾਗ਼ ਦੇ ਮਾਲੀ
ਕਿੱਥੋਂ ਮੋਹ ਦੀ ਹਾਕ ਭਾਲਦੈਂ
ਇਸ ਦਰ ਅੰਦਰ ਜੀਭਾ ਕਾਲੀ
ਚੱਲ ਮੁੜ ਚੱਲੀਏ।

ਇਸ ਦਰ ਅਰਜ਼ ਨਾ ਹੂਕ ਸੁਣੇਂਦੀ
ਨਾ ਮਜ਼ਲੂਮ ਦੀ ਕੂਕ ਸੁਣੇਂਦੀ
ਇਸ ਉੱਚੇ ਦਰ ਜੇ ਕੁਝ ਸੁਣਦੈ
ਬੱਸ ਨਾਗਾਂ ਦੀ ਸ਼ੂਕ ਸੁਣੇਂਦੀ
ਚੱਲ ਮੁੜ ਚੱਲੀਏ।

ਵਕਤ ਰਹੇ ਮੁੜ ਜਾਣਾ ਚੰਗਾ
ਦਿਲ ਤਾਈਂ ਸਮਝਾਣਾ ਚੰਗਾ
ਜੇ ਲੜਨੇ ਦੀ ਚਾਹਤ ਹੈ ਨਹੀਂ
ਫਿਰ ਪਿੱਛੇ ਮੁੜ ਆਣਾ ਚੰਗਾ
ਚੱਲ ਮੁੜ ਚੱਲੀਏ।

### ਪਿਆਰੀਏ ਪੰਜਾਬੀਏ ਨੀ

ਪਿਆਰੀਏ ਪੰਜਾਬੀਏ ਨੀ, ਬੋਲੀਏ ਨਵਾਬੀਏ ਨੀ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।
ਗੁਰੂਆਂ ਦੀ ਜਾਈਏ ਨੀ, ਸੀਸ ਵੀ ਝੁਕਾਈਏ ਨੀ
ਦੁਨੀਆਂ ’ਚ ਉੱਚੀ ਰਹੇ ਸ਼ਾਨ।

ਅਦਬਾਂ ਦੇ ਮੋਤੀਆਂ ਦੀ ਮਾਲਾ ’ਚ ਪਰੋਈ ਏਂ
ਕੁੱਲ ਦੁਨੀਆ ’ਚ ਮਕਬੂਲ ਤਾਹੀਓਂ ਹੋਈ ਏਂ
ਸ਼ਹਿਦ ਨਾਲੋਂ ਮਿੱਠੀਏ ਨੀ, ਬਾਣੀ ਵਿੱਚੋਂ ਡਿੱਠੀਏ ਨੀ
ਜਗ ’ਤੇ ਵਧਾਇਆ ਸਾਡਾ ਮਾਣ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਨਾਥਾਂ, ਜੋਗੀਆਂ ਬਣਾਈਆ ਤੈਨੂੰ ਸਮੇਂ ਦੀ ਹਾਣੀ
ਗੁਰੂਆਂ ਨੇ ਦਿੱਤਾ ਮਾਣ ਬਣਾ ਕੇ ਗੁਰ ਬਾਣੀ।
ਵਧੀ ਤੇਰੀ ਸ਼ਾਨ ‘ਗੁਰੂ ਗ੍ਰੰਥ ਸਾਹਿਬ ’ ਰਾਹੀਂ
ਸਭ ਸੀਸ ਨੂੰ ਝੁਕਾ ਕੇ ਦੇਣ ਬਹੁਤਾ ਸਨਮਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਬਾਬਾ ਫ਼ਰੀਦ ਦੇ ਸ਼ਲੋਕਾਂ ’ਚ ਸੰਜੋਈ ਏਂ
‘ਬੁੱਲ੍ਹੇ’ ਦੀਆਂ ਕਾਫ਼ੀਆਂ ਦੇ ਰੰਗ-ਰੰਗੀ ਹੋਈ ਏਂ
ਲਿਖੀ ਵਾਰਿਸ ਨੇ ‘ਹੀਰ’, ਹਾਸ਼ਮ, ਪੀਲੂ, ਭਾਈ ਵੀਰ
ਤੈਨੂੰ ਅਪਣਾ ਕੇ ਬਣ ਗਏ ਵਿਦਵਾਨ।
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਇਕ-ਇਕ ਬੋਲ ਤੇਰਾ ਹੀਰਿਆਂ ਦੇ ਤੁੱਲ ਹੈ
ਮਾਂ ਨੂੰ ਭੁੱਲ ਜਾਣਾ ਸਭਨਾਂ ਤੋਂ ਵੱਡੀ ਭੁੱਲ ਹੈ
ਉਹ ਕੌਮਾਂ ਮਿਟ ਜਾਣ, ਜੋ ਨਾ ਦੇਣ ਸਨਮਾਨ
ਬੋਲੀਆਂ ਚੋਂ ਬੋਲੀ ਤੂੰ ਮਹਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

ਅੱਜ ਤੈਨੂੰ ਆਪਣੇ ਬੇਗ਼ਾਨੀ ਕਰੀ ਜਾ ਰਹੇ
ਧੀਆਂ ਪੁੱਤ ਤੇਰੇ ਅੰਗਰੇਜ਼ੀ ਗਲ਼ ਲਾ ਰਹੇ
ਭਾਵੇਂ ਸਿੱਖੋ ਹਰ ਬੋਲੀ, ਪਰ ਮਾਂ ਨਾ ਪੈਰੀਂ ਰੋਲੀ,
‘ਸਿੱਧੂ’ ਚੁੱਕ ਸਹੁੰ ਕਰੀਏ ਨਾ ਬੋਲੀ ਦਾ ਅਪਮਾਨ
ਤੂੰ ਤਾਂ ਮੇਰੀ ਜਿੰਦ ਮੇਰੀ ਜਾਨ।

• ਗੁਰਵਿੰਦਰ ਸਿੰਘ ਸਿੱਧੂ, 98154-86225



ਡਾ. ਇੰਦਰਜੀਤ ਸਿੰਘ ਸੰਧੂ
95011-05656

### ਇਤਬਾਰ

ਕੌਣ ਉਸ ਸ਼ਖ਼ਸ ਦਾ ਇਤਬਾਰ ਕਰੇਗਾ
ਕਿਉਂ ਮੁੜ ਆਪਣੇ ਜ਼ਖ਼ਮਾਂ ’ਤੇ ਵਾਰ ਕਰੇਗਾ
ਬੇਖ਼ੌਫ਼, ਵਿਸ਼ਾਲ, ਬੇਪਰਵਾਹ ਸਮੁੰਦਰ ਹੈ ਹੁਣ ਉਹ
ਕਿਉਂ ਉਹ ਨਦੀਆਂ ਦੀ ਤਬਾਹੀ ਤੋਂ ਡਰੇਗਾ।

ਉਸ ਦੀਆਂ ਰਾਤਾਂ ਵਿਚ ਹੈ ਅਜੀਬ ਹੀ ਉਲਝਣ
ਕਿਸ ਤਰ੍ਹਾਂ ਉਹ ਚੰਨ ਨੂੰ ਦਾਗ਼ੀ ਸਾਬਤ ਕਰੇਗਾ
ਪਿੱਤਲ ਦੇ ਛੱਲਿਆਂ ਦੀ ਮੁਹਤਾਜ ਹੈ ਪਰਵਾਜ਼
ਕਿਸ ਤਰ੍ਹਾਂ ਹੁਣ ਉਹ ਅਸਮਾਨਾਂ ਨੂੰ ਸਰ ਕਰੇਗਾ।

ਚਿਲਮਨ ਦੀ ਸ਼ਿਕਾਰ ਹੈ ਹਕੀਕਤ ਉਸ ਦੀ
ਕਿਉਂ ਮਹਿਫ਼ਲ ਵਿਚ ਗ਼ੈਰਾਂ ਤੋਂ ਪਰਦਾ ਕਰੇਗਾ
ਪੀਲੇ ਪੱਤਿਆਂ ਦੀ ਝਾਂਜਰ ਹੋ ਗਈ ਹੈ ਸ਼ਿੰਗਾਰ
ਕਿਉਂ ਹੁਣ ਉਹ ਨਵੀਆਂ ਬਹਾਰਾਂ ਨੂੰ ਸਜਦਾ ਕਰੇਗਾ।

## ਗ਼ਜ਼ਲਾਂ



ਕੁਲਵਿੰਦਰ ਵਿਰਕ
78146-54133

ਬਲ਼ਦੇ ਰਹਿਣ ਚਿਰਾਗ਼ ਕਿ
ਬਲ਼ਦੇ ਹੀ ਸੋਂਹਦੇ ਨੇ।
ਮੱਘਦੇ ਰਹਿਣ ਅੱਖਰ ਕਿ
ਮੱਘਦੇ ਹੀ ਸੋਂਹਦੇ ਨੇ।

ਲੱਗਣ ਮਹਿਫ਼ਲਾਂ ਤੇ
ਮਿਲਣ ਮਿੱਤਰ ਪਿਆਰੇ
ਲੱਗਦੇ ਰਹਿਣ ਮੇਲੇ ਕਿ
ਲੱਗਦੇ ਹੀ ਸੋਂਹਦੇ ਨੇ।

ਨਾ ਮੁੱਕਣ ਜਜ਼ਬਾਤ ਕਦੇ
ਨਾ ਹੀ ਰੁਕਣ ਕਲਮਾਂ
ਫਲਦੇ ਰਹਿਣ ਖ਼ਿਆਲ ਕਿ
ਫਲਦੇ ਹੀ ਸੋਂਹਦੇ ਨੇ।

ਪਹਿਨ ਕੇ ਬਾਣੇ ਰਹਿਣ
ਤਿਆਰ ਸਦਾ ‘ਸਰਦਾਰ’
ਵੱਜਦੇ ਰਹਿਣ ਨਗਾਰੇ ਕਿ
ਵੱਜਦੇ ਹੀ ਸੋਂਹਦੇ ਨੇ।

ਗਾਉਣ ਕਲੀਆਂ ਫ਼ਨਕਾਰ
ਤੇ ਲਾਉਣ ਯਾਰੋ ਹੇਕਾਂ
ਵੱਜਣ ਸਾਜ਼ ਸੁਹਾਵਣੇ ਕਿ
ਵੱਜਦੇ ਹੀ ਸੋਂਹਦੇ ਨੇ।

ਨਾ ਭੁੱਲੇ ਧੂੜ ਰਾਹਵਾਂ ਦੀ
ਨਾ ਟੁੱਟੇ ਡੋਰ ਸਾਹਵਾਂ ਦੀ
ਚਲਦੇ ਰਹਿਣ ਰਾਹੀ
ਕਿ ਚਲਦੇ ਹੀ ਸੋਂਹਦੇ ਨੇ।

ਔੜ ਰਹੇ ਨਾ ਜਾਰੀ
ਹਰੀ ਹੋਵੇ ਇਹ ਧਰਤ ਸਾਰੀ
ਵਗਦੇ ਰਹਿਣ ਦਰਿਆ ਕਿ
ਵਗਦੇ ਹੀ ਸੋਂਹਦੇ ਨੇ।

ਧੀ-ਪੁੱਤ ਨੂੰ ਮਿਲੇ ਖ਼ੁਸ਼ੀ ਨਾ
ਕਰੇ ਕਿਸਾਨ ਖ਼ੁਦਕੁਸ਼ੀ
ਭਰ ਦੇ ਰਹਿਣ ਭੰਡਾਰ ਕਿ
ਭਰਦੇ ਹੀ ਸੋਂਹਦੇ ਨੇ।



ਜਗਤਾਰ ਪੱਖੋ
94651-96946

ਫੁੱਲਾਂ ਵਾਂਗੂ ਹੁਣ ਤਾਂ ਯਾਰੋ
ਹੱਸਣ ਨੂੰ ਦਿਲ ਕਰਦਾ ਹੈ।
ਬੁੱਲ੍ਹੇ ਵਾਂਗੂ ਧਮਾਲ ਪਾ ਕੇ
ਨੱਚਣ ਨੂੰ ਦਿਲ ਕਰਦਾ ਹੈ।

ਜਿਸ ਦੇ ਨਾਲ ਨਿਰੰਤਰ ਚਲਦੀ
ਸਰਗਮ ਸਾਡੇ ਸਾਹਾਂ ਦੀ,
ਉਸ ਦੇ ਬਾਰੇ ਰੌਲਾ ਪਾ ਕੇ
ਦੱਸਣ ਨੂੰ ਦਿਲ ਕਰਦਾ ਹੈ।

ਉਸ ਦੇ ਕੋਮਲ ਅਹਿਸਾਸਾਂ ਨੂੰ
ਹੋਰ ਨਾ ਕੋਈ ਮਾਣ ਸਕੇ,
ਦਿਲ ਦੇ ਕੋਨੇ ਵਿਚ ਛੁਪਾ ਕੇ
ਰੱਖਣ ਨੂੰ ਦਿਲ ਕਰਦਾ ਹੈ।

ਜਿੱਥੇ ਸਾਡਾ ਪਿਆਰਾ ਵਸਦਾ
ਘਰ ਉਹ ਜੰਨਤ ਵਰਗਾ ਹੈ,
ਚੋਰੀ-ਚੋਰੀ ਤਾਕੀ ਰਾਹੀਂ
ਤੱਕਣ ਨੂੰ ਦਿਲ ਕਰਦਾ ਹੈ।

ਉਸ ਦੇ ਨੈਣਾਂ ਵਿਚ ਤਾਂ ਯਾਰੋ
ਇਕ ਸਮੁੰਦਰ ਸ਼ਾਂਤ ਜਿਹਾ,
ਨੀਲੇ-ਨੀਲੇ ਸਾਗਰ ਦੇ ਵਿਚ
ਵੱਸਣ ਨੂੰ ਦਿਲ ਕਰਦਾ ਹੈ।

ਅੱਖਾਂ ਦੇ ਉਹ ਸਾਹਵੇਂ ਆ ਕੇ
ਖ਼ੁਦ ਹੀ ਆਪ ਖਲੋ ਜਾਵੇ,
ਇਸ਼ਕੇ ਦੇ ਵਿਚ ਹੱਦਾਂ ਬੰਨੇ
ਟੱਪਣ ਨੂੰ ਦਿਲ ਕਰਦਾ ਹੈ।

ਹਾਸਾ ਕਲਕਲ ਵਰਗਾ ਸੱਚੀਂ
ਚਿਹਰੇ ਉੱਤੇ ਨੂਰ ਬੜਾ,
‘ਪੱਖੋ’ ਸ਼ੋਖ ਅਦਾਵਾਂ ਤਾਈਂ
ਲੁੱਟਣ ਨੂੰ ਦਿਲ ਕਰਦਾ ਹੈ।



ਡਾ. ਜਸਵੀਰ ਕੌਰ ਭੱਲਮਾਜਰਾ
98157-32852

ਮਹਿਫ਼ਿਲ ’ਚ ਬਹਿ ਕੇ
ਹੋਸ਼ ’ਚ ਰਹਿਣਾ ਕੇਹਾ ਝੱਲ ਸੀ।
ਮੈਖ਼ਾਨੇ ਅੰਦਰ ਸਾਕੀ ਦਾ
ਹੋਣਾ ਤਾਂ ਆਮ ਗੱਲ ਸੀ।

ਕਾਹਤੋਂ ਰੁੱਸ ਕੇ ਜਾ ਬੈਠਿਆ
ਤੂੰ ਮਾਰ ਉਡਾਰੀਆਂ,
ਦੱਸ ਜਾਂਦਾ ਸਾਡੀ ਖ਼ਤਾ
ਐਡੀ ਕਿਹੜੀ ਗੱਲ ਸੀ।

ਚਰਖਾ ਗ਼ਮਾਂ ਵਾਲਾ ਦੱਸ
ਕਿਵੇਂ ਕੱਤਦੀ ਨਿਮਾਣੀ ਜਿੰਦ?
ਟੋਕਰਾ ਸੀ ਪੂਣੀਆਂ ਦਾ
ਤੰਦ ਪਾਉਣ ਦਾ ਨਾ ਬਲ ਸੀ।

ਖ਼ੁਸ਼ੀਆਂ ਤਕ ਵੀ ਪਹੁੰਚ ਹੀ
ਜਾਣਾ ਸੀ ਜਿਵੇਂ-ਕਿਵੇਂ ਮੈਂ,
ਠੀਕ ਉਦੋਂ ਹੀ ਗ਼ਮਾਂ ਨੇ ਲਿਆ
ਰਾਹ ਮੇਰਾ ਮੱਲ ਸੀ।

ਵਫ਼ਾ ਪੁਗਾਉਣੀ ਤਾਂ ਹੁਣ
ਰਾਂਝੇ ਦੇ ਹੀ ਹੱਥ ’ਚ ਸੀ,
ਹੀਰ ਨੇ ਤਾਂ ਕਬੂਤਰ ਹੱਥ
ਸੁਨੇਹਾ ਦਿੱਤਾ ਘੱਲ ਸੀ।

ਮਾਫ਼ ਕਰੀਂ ਤੂੰ ਸੱਜਣਾ
ਨਿਭਾਈਆਂ ਰੀਤਾਂ ਜਗ ਦੀਆਂ,
ਦਿਲ ਦੇ ਦਰਵਾਜ਼ੇ ਢੋਹ ਲਏ,
ਹੋਰ ਨਾ ਕੋਈ ਹੱਲ ਸੀ।

ਅਜੇ ਤਕ ਵੀ ਉਹ ਘਿਰਿਆ ਸੀ
ਆਪਣਿਆਂ ਦੇ ਝੁਰਮਟ ’ਚ,
ਤੇ ਅਜੇ ਤਕ ਵੀ ਮੇਰੀ ਝੋਲੀ
ਉਹੀ ਸਦੀਵੀਂ ਇਕੱਲ ਸੀ।

# ਸਾਦ-ਮੁਰਾਦਾ ਨਾਵਲਕਾਰ ਜੀਤ ਸਿੰਘ ਸੰਧੂ



ਹਰਵਿੰਦਰ ਬਿਲਾਸਪੁਰ
98149-07020

ਨਾਵਲਕਾਰ ਜੀਤ ਸਿੰਘ ਸੰਧੂ ਨੂੰ ਭਾਵੇਂ ਘਰ ਦੇ ਆਰਥਿਕ ਹਾਲਾਤਾਂ ਨੇ ਜ਼ਿਆਦਾ ਪੜ੍ਹਾਈ ਲਿਖਾਈ ਦਾ ਮੌਕਾ ਨਹੀਂ ਦਿੱਤਾ ਪਰ ਉਸ ਦੀ ਮਾਂ ਪੜ੍ਹੀ-ਲਿਖੀ ਔਰਤ ਸੀ। ਜਿਸ ਨੇ ਉਸ ਨੂੰ ਪੜ੍ਹਨ ਦੀ ਚੇਟਕ ਬਚਪਨ ਵਿਚ ਹੀ ਲਾ ਦਿੱਤੀ। ਛੋਟੇ ਉਮਰੇ ਸਕੂਲੀ ਪੜ੍ਹਾਈ ਵਿਚ ਛੱਡ ਕੇ ਹਲ਼ ਦੀ ਮੁੰਨੀ ਫੜਨੀ ਪੈ ਗਈ ਪਰ ਉਹ ਉਸ ਵੇਲੇ ਛਪਦੇ ਪੰਜਾਬੀ ਦੇ ਚਿੱਠੇ ਲਿਆ ਕੇ ਪੜ੍ਹਦਾ ਰਿਹਾ। ਵੱਡੇ ਹੋਣ ਦੇ ਨਾਲ-ਨਾਲ ਉਸ ਦਾ ਪੜ੍ਹਨ ਦਾ ਸ਼ੌਕ ਘਟਿਆ ਨਹੀਂ ਸਗੋਂ ਵਧਦਾ ਹੀ ਗਿਆ। ਇਕ ਵਾਰ ਉਹ ਖੇਤਾਂ ’ਚੋਂ ਕੰਮ ਕਰਦਾ-ਕਰਦਾ ਸਿੱਧਾ ਫ਼ਰੀਦਕੋਟ ਕਿਤਾਬਾਂ ਖਰੀਦਣ ਚਲਿਆ ਗਿਆ ਉੱਥੇ ਜਾ ਕੇ ਦੁਕਾਨਦਾਰ ਪਾਸੋਂ ‘ਰਸ਼ੀਦੀ ਟਿੱਕਟ’ ਦੀ ਮੰਗ ਕੀਤੀ। ਦੁਕਾਨਦਾਰ ਨੇ ਉਸ ਦੇ ਮਿੱਟੀ ਨਾਲ ਲਿੱਬੜੇ-ਤਿੱਬੜੇ ਸਰੀਰ ਅਤੇ ਨੰਗੇ ਪੈਰਾਂ ਵੱਲ ਤੱਕਦਿਆਂ, ਅੱਗੇ ਵੱਲ ਹੱਥ ਕਰ ਦਿੱਤਾ ਕਿ ਡਾਕਘਰ ਵਿੱਚੋਂ ਮਿਲੇਗੀ। ਜਦ ਜੀਤ ਸਿੰਘ ਸੰਧੂ ਨੇ ਦੱਸਿਆ ਕਿ ਉਸ ਨੇ ਅੰਮ੍ਰਿਤਾ ਪ੍ਰੀਤਮ ਦੀ ਕਿਤਾਬ ‘ਰਸ਼ੀਦੀ ਟਿੱਕਟ’ ਲੈਣੀ ਹੈ ਤਾਂ ਦੁਕਾਨਦਾਰ ਸਮੇਤ ਉਥੇ ਖੜ੍ਹੇ ਹੋਰ ਦੋ ਤਿੰਨ ਆਦਮੀਆਂ ਨੇ ਵੀ ਉਸ ਵੱਲ ਹੈਰਾਨੀ ਨਾਲ ਤੱਕਿਆ। ਫਿਰ ਜਦ ਉਸ ਨੇ ਰੂਸੀ ਸਾਹਿਤ ਦੀਆਂ ਹੋਰ ਕਿਤਾਬਾਂ ਦੇ ਨਾਲ-ਨਾਲ ਲੈਨਿਨ ਬਾਰੇ ਵੀ ਇਕ ਕਿਤਾਬ ਖ਼ਰੀਦੀ ਤਾਂ ਉਸੇ ਵਕਤ ਦੁਕਾਨਦਾਰ ਤੇ ਉੱਥੇ ਖੜ੍ਹੇ ਵਿਆਕਤੀਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਜੀਤ ਸਿੰਘ ਸੰਧੂ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਪੜ੍ਹਨ ਦੀ ਇਸ ਇੱਛਾ ਵਿੱਚੋਂ ਲਿਖਣ ਦੀ ਉਸ ਅੰਦਰ ਕਰੂੰਬਲ ਫੁੱਟ ਪਈ। ਉਹ ਭਾਵੁਕ ਹੋਇਆ ਦੱਸਦਾ ਹੈ ਕਿ ਪਹਿਲਾ ਨਾਵਲ ‘ਵੈਰੀ ਹੋਇਆ ਜਹਾਨ’ ਉਸ ਨੇ ਮਾਂ ਦੇ ਜਿਉਂਦੇ ਜੀਅ ਲਿਖ ਦਿੱਤਾ ਸੀ ਪਰ ਅਫ਼ਸੋਸ ਕਿ ਉਸ ਦੇ ਛਪਣ ਤਕ ਮਾਂ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੀ ਸੀ। ਇਹ ਨਾਵਲ ਅੰਮ੍ਰਿਤਸਰ ਦੇ ਪ੍ਰਕਾਸ਼ਕ ਭਾਈ ਜਵਾਹਰ ਸਿੰਘ ਭਾਈ ਕਿਰਪਾਲ ਸਿੰਘ ਨੇ ਛਾਪਿਆ ਸੀ।

ਸੰਧੂ ਦਾ ਜਨਮ ਸੰਨ 1952 ਵਿਚ ਫ਼ਰੀਦਕੋਟ ਦੇ ਨਾਲ ਲੱਗਦੇ ਪਿੰਡ ਸਿੱਖਾਂ ਵਾਲੇ ਵਿਚ ਪਿਤਾ ਮੱਲਣ ਸਿੰਘ ਅਤੇ ਮਾਤਾ ਜੰਗੀਰ ਕੌਰ ਦੇ ਘਰ ਹੋਇਆ। ਕਾਫ਼ੀ ਜ਼ਮੀਨ ਹੋਣ ਦੇ ਬਾਵਜੂਦ, ਤੰਗੀਆਂ-ਤੁਰਸ਼ੀਆਂ ਨੇ ਸਾਰੀ ਉਮਰ ਉਸ ਦਾ ਪਿੱਛਾ ਨਹੀਂ ਛੱਡਿਆ। ਬੱਚਿਆਂ ਦੇ ਸੈਟਲ ਹੋਣ ਪਿੱਛੋਂ ਹੁਣ ਕਿਧਰੇ ਜਾ ਕੇ ਘਰ ਦੇ ਆਰਥਿਕ ਹਾਲਾਤ ਠੀਕ ਹੋਏ। ਉਂਜ ਉਹ ਇਸ ਗੱਲੋਂ ਬੇਹੱਦ ਸੰਤੁਸ਼ਟ ਹੈ ਕਿ ਪਹਿਲਾਂ ਘਰਵਾਲੀ ਅਤੇ ਹੁਣ ਉਸ ਦੇ ਪੁੱਤਰਾਂ ਅਤੇ ਦੋਨੋਂ ਨੂੰਹ ਰਾਣੀਆਂ ਜੋ ਸਕੀਆਂ ਭੈਣਾਂ ਹਨ, ਵੱਲੋਂ ਉਸ ਦੇ ਸਾਹਿਤਕ ਕਾਰਜਾਂ ਅਤੇ ਘਰ ਆਉਣ ਜਾਣ ਵਾਲੇ ਸਾਹਿਤਕ ਮਿੱਤਰਾਂ, ਸਨੇਹੀਆਂ ਪ੍ਰਤੀ ਕਦੇ ਮੱਥੇ ਵੱਟ ਨਹੀਂ ਪਾਇਆ ਗਿਆ। ਪਹਿਲੇ ਨਾਵਲ ਤੋਂ ਬਾਅਦ ਅਗਲੇ ਪੰਜ-ਛੇ ਨਾਵਲਾਂ ਬਾਰੇ ਉਹ ਚੁੱਪ ਧਾਰ ਲੈਂਦਾ ਹੈ। ਪ੍ਰਕਾਸ਼ਕ ਵੱਲੋਂ ਲਗਾਏ ਖ਼ਰਾਬ ਟਾਈਟਲਾਂ ਅਤੇ ਹੋਰ ਗ਼ਲਤੀਆਂ ਕਾਰਨ, ਉਹ ਇਨ੍ਹਾਂ ਦਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਸਮਝਦਾ। ਫਿਰ ਲਗਪਗ 2005 ਵਿਚ ਉਸ ਦਾ ਨਾਵਲ ‘ਪਿੱਪਲ ਵਾਲਾ ਮੋੜ’ ਆਇਆ। ਜਿਸ ਰਾਹੀਂ ਉਸ ਦੀ ਲਿਖਣ ਕਲਾ ਵਿਚ ਹੋਰ ਵੀ ਨਿਖਾਰ ਆਇਆ। ਉਸ ਤੋਂ ਬਾਅਦ ‘ਹੋਰ ਕੋਈ ਚਾਰਾ ਨਹੀਂ’, ‘ਦਿਨ ਚੜ੍ਹਨ ਤਕ’, ‘ਲੰਕਾ ਦਾਰ, ‘ਵੈਰੀ ਹੋਇਆ ਜਹਾਨ ਦਾ’ (ਸੋਧਿਆ ਰੂਪ), ‘ਸੂਲਾਂ ਦੀ ਨੋਕ ’ਤੇ’, ‘ਜ਼ਿੰਦਗੀ ਦਾ ਵਹਿਣ’, ‘ਬੁੱਕਲ ਦੇ ਸੱਪ’, ‘ਜੰਗ ਇਉਂ ਵੀ’ ਆਦਿ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ।

ਆਪਣੇ ਨਾਵਲਾਂ ਦੇ ਵਿਸ਼ੇ ਬਾਰੇ ਗੱਲ ਕਰਦਾ ਹੋਇਆ ਉਹ ਕਹਿੰਦਾ ਹੈ ਕਿ ਇਕ ਲੇਖਕ ਨੂੰ ਵਿਸ਼ਾ ਉਹੀ ਚੁਣਨਾ ਚਾਹੀਦਾ ਹੈ ਜਿਸ ਬਾਰੇ ਉਸ ਨੂੰ ਡੂੰਘਾਈ ਨਾਲ ਗਿਆਨ ਹੋਵੇ। ਇਸ ਲਈ ਉਸ ਦੇ ਸਾਰੇ ਨਾਵਲਾਂ ਦੇ ਵਿਸ਼ੇ ਉਸ ਸਮਾਜ ਦੇ ਹਨ ਜਿਸ ਵਿਚ ਉਹ ਰਹਿ ਰਿਹਾ ਹੈ। ਇਸ ਸਮਾਜ ਦੀਆਂ ਸਮੱਸਿਆਵਾਂ ਬਾਰੇ ਉਹ ਚੰਗੀ ਤਰ੍ਹਾਂ ਜਾਣਦਾ ਹੈ। ਉਸ ਦੇ ਨਾਵਲਾਂ ਵਿਚ ਆਲੇ-ਦੁਆਲੇ ਵਿਚਰ ਰਹੇ ਲੋਕਾਂ ਦੀ ਮਾਨਸਿਕਤਾ ਨੂੰ ਕਲਾਤਮਿਕ ਰੂਪ ਦਿੱਤਾ ਗਿਆ ਹੈ। ਉਹ ਕੋਈ ਭਰਮ-ਭੁਲੇਖਾ ਨਹੀਂ ਪੈਦਾ ਕਰਦਾ ਸਗੋਂ ਸਪਸ਼ਟ ਰੂਪ ਵਿਚ ਇਕ ਪਾਸੇ ਖੜ੍ਹ ਦਾ ਹੈ ਤੇ ਸਚਾਈ ਦੀ ਪ੍ਰਤੱਖ ਰੂਪ ਵਿਚ ਜਿੱਤ ਕਰਵਾਉਂਦਾ ਹੈ। ਉਹ ਸਮਾਜ ਨੂੰ ਅੰਦਰੋਂ-ਅੰਦਰੀ ਖਾ ਰਹੀਆਂ ਗ਼ਲਤ ਕਦਰਾਂ ਕੀਮਤਾਂ ਦਾ ਡਟ ਕੇ ਵਿਰੋਧ ਕਰਦਾ ਹੈ ਅਤੇ ਗ਼ਲਤ ਅਨਸਰਾਂ ਨੂੰ ਉਨ੍ਹਾਂ ਦੇ ਅੰਜ਼ਾਮ ਤਕ ਪਹੁੰਚਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡਦਾ। ਉਹ ਚੇਤਨ ਰੂਪ ਵਿਚ ਮਾਨਵਵਾਦੀ ਹੈ ਪਰ ਸਮਝੌਤਾਵਾਦੀ ਨਹੀਂ। ਉਹ ਜ਼ੁਲਮੀ ਨੂੰ ਉਸ ਦੀ ਬਣਦੀ ਸਜ਼ਾ ਦੇ ਕੇ ਹੀ ਦਮ ਲੈਂਦਾ ਹੈ। ਵਿਸ਼ੇਸ਼ ਗੱਲ ਇਹ ਕਿ ਉਹ ਪਾਠਕ ਨੂੰ ਸ਼ੁਰੂ ਤੋਂ ਲੈ ਕੇ ਨਾਵਲ ਦੇ ਅੰਤ ਤਕ ਉਂਗਲ ਫੜਾ ਕੇ ਨਾਲ ਤੋਰੀ ਰੱਖਦਾ ਹੈ। ਉਸ ਦੇ ਨਾਵਲ ਪੜ੍ਹਦਿਆਂ ਪਾਠਕ ਨੂੰ ਬੋਰੀਅਤ ਮਹਿਸੂਸ ਨਹੀਂ ਹੁੰਦੀ, ਇਹੋ ਉਸ ਦੀ ਵੱਡੀ ਪ੍ਰਾਪਤੀ ਹੈ।

*ਜੀਤ ਸਿੰਘ ਸੰਧੂ ਇੰਨਾ ਸਿੱਧਾ ਹੈ ਕਿ ਸਮਰੱਥ ਨਾਵਲਕਾਰ ਹੋਣ ਦੇ ਬਾਵਜੂਦ ਉਸ ਨੇ ਕਦੇ ਖ਼ੁਦ ਨੂੰ ਲੋਕਾਂ ’ਚ ਉਜਾਗਰ ਕਰਨ ਦਾ ਯਤਨ ਜਾਂ ਜਿਸ ਨੂੰ ਜੁਗਾੜ ਕਹਿੰਦੇ ਹਨ, ਨਹੀਂ ਕੀਤਾ...*



ਉਹ ਏਨਾ ਸਿੱਧਾ-ਸਾਦਾ ਹੈ ਕਿ ਸਮਰੱਥ ਨਾਵਲਕਾਰ ਹੋਣ ਦੇ ਬਾਵਜੂਦ ਵੀ ਉਸ ਦੇ ਮਨ ਵਿਚ ਕਦੇ ਆਪਣੇ ਆਪ ਨੂੰ ਲੋਕਾਂ ਵਿਚ ਉਜਾਗਰ ਕਰਨ ਦੀ ਲਾਲਸਾ ਨਹੀਂ ਆਈ ਅਤੇ ਇਸ ਸਬੰਧੀ ਉਸ ਨੇ ਕਦੀ ਉਚੇਚਾ ਯਤਨ ਜਾਂ ਜਿਸ ਨੂੰ ਜੁਗਾੜ ਕਹਿੰਦੇ ਹਨ, ਨਹੀਂ ਕੀਤਾ। ਸ਼ਾਇਦ ਇਸੇ ਕਰਕੇ ਅੱਜ ਤਕ ਹੱਕਦਾਰ ਹੁੰਦੇ ਹੋਏ ਵੀ ਕਿਸੇ ਪਾਸਿਓਂ ਕੋਈ ਵੱਡਾ ਪੁਰਸਕਾਰ ਪ੍ਰਾਪਤ ਨਹੀਂ ਕਰ ਸਕਿਆ ਉਹ। ਹਾਂ, ਕੁਝ ਸਾਹਿਤਕ ਸੰਸਥਾਵਾਂ ਨੇ ਉਸ ਦੀ ਪ੍ਰੀਤਿਭਾ ਨੂੰ ਪਛਾਣ ਕੇ ਉਸ ਨੂੰ ਸਨਮਾਨਿਤ ਕੀਤਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਅੰਤਰ-ਰਾਸ਼ਟਰੀ ਲੇਖਕ ਪਾਠਕ ਮੰਚ ਅਤੇ ਅਦਾਰਾ ਲੋਹਮਣੀ ਵੱਲੋਂ ਉਸ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।


ਉਹ ਆਪਣੀ ਲੇਖਣੀ ਦੇ ਸ਼ੁਰੂਆਤੀ ਦੌਰ ਵਿਚ ਬਾਪੂ ਕਾਮਰੇਡ ਸੁਰਜੀਤ ਗਿੱਲ , ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਦਿੱਤੀ ਗਈ ਹੱਲਾਸ਼ੇਰੀ ਨੂੰ ਕਦੇ ਨਹੀਂ ਭੁਲਾਉਂਦਾ। ਕੁਝ ਇਕ ਜਿਗਰੀ ਦੋਸਤਾਂ ਬਾਰੇ ਉਹ ਮਿੱਠਾ-ਮਿੱਠਾ ਗਿਲਾ ਵੀ ਕਰਦਾ ਹੈ ਕਿ ਸਮਰੱਥ ਹੁੰਦੇ ਹੋਏ ਅਤੇ ਮੇਰੀਆਂ ਔਕੜਾਂ ਬਾਰੇ ਜਾਣਦੇ ਹੋਏ ਵੀ, ਕਦੇ ਮੇਰੀ ਯੋਗ ਸਹਾਇਤਾ ਬਾਰੇ ਨਹੀਂ ਸੋਚ ਸਕੇ। ਉਹ ਆਪਣੇ ਪਰਿਵਾਰ ਦਾ ਸ਼ੁਕਰਗੁਜ਼ਾਰ ਹੈ ਜਿਸ ਦੀ ਬਦੌਲਤ ਉਸ ਨੂੰ ਲਿਖਣ ਲਈ ਖੁੱਲ੍ਹਾ ਸਮਾਂ ਅਤੇ ਯੋਗ ਮਾਹੌਲ ਮਿਲ ਜਾਂਦਾ ਹੈ। •

# ਨਾਰੀ-ਕਾਵਿ ਸੰਵੇਦਨਾ ਦੀ ਵਿਆਖਿਆ

• ਜਸਵਿੰਦਰ ਦੂਹੜਾ
98723-36944

ਅਰਤਿੰਦਰ ਸੰਧੂ ਨੂੰ ਪੰਜਾਬੀ ਸਾਹਿਤ ਦੀ ਦੁਨੀਆ ਵਿਚ ਕਿਸੇ ਜਾਣ-ਪਛਾਣ ਦੀ ਜ਼ਰੂਰਤ ਨਹੀਂ। ਉਹ ਜਿੱਥੇ ਸੰਵੇਦਨਸ਼ੀਲ ਕਵਿਤਰੀ ਹੈ ਉੱਥੇ ਹੀ ਸੁਘੜ-ਸਿਆਣੀ ‘ਸਾਹਿਤਕ ਏਕਮ’ ਦੀ ਸੰਪਾਦਕ ਵੀ। ਉਸ ਦੀ ਸਖ਼ਤ ਮਿਹਨਤ ਅਤੇ ਸਾਧਨਾ ਕਰਕੇ ਏਕਮ ਦਾ ਹਰ ਅੰਕ ਸਾਂਭਣਯੋਗ ਅਤੇ ਮੁੱਲਵਾਨ ਹੁੰਦਾ ਹੈ। ਇਸ ਵਾਰੀ ਏਕਮ ਦਾ ਅੰਕ (ਅਪ੍ਰੈਲ-ਜੂਨ) ਪਿਛਲੇ ਅੰਕਾਂ ਦੇ ਮੁਕਾਬਲੇ ਵਧੀਆ ਹੀ ਨਹੀਂ ਬਲਕਿ ਅੰਦਾਜ਼ ਤੇ ਨਜ਼ਰੀਏ ਪੱਖੋਂ ਬੇਹੱਦ ਮੁੱਲਵਾਨ ਅਤੇ ਪ੍ਰਸ਼ੰਸਾਯੋਗ ਹੈ। ਇਹ ਅਡੀਸ਼ਨ ਨਾਰੀ ਕਾਵਿ ਵਿਸ਼ੇਸ਼ ਅੰਕ ਹੈ। ਇਸ ਵਿੱਚੋਂ ਬਿਨਾਂ ਸ਼ੱਕ ਅਰਤਿੰਦਰ ਸੰਧੂ ਦੀ ਮਿਹਨਤ, ਯੋਗਤਾ, ਅਤੇ ਸੂਝ-ਬੂਝ ਦਾ ਝਲਕਾਰਾ ਪੈਂਦਾ ਹੈ। ਉਸ ਨੇ 98 ਕਵਿਤਰੀਆਂ ਦੀਆਂ ਕਵਿਤਾਵਾਂ ਨੂੰ ਆਪਣੇ ਇਸ ਅੰਕ ਰਾਹੀਂ ਪ੍ਰਕਾਸ਼ਤ ਕੀਤਾ ਹੈ। ਆਪਣੀ ਉਮਰ ਅਤੇ ਤਜਰਬੇ ਨਾਲ ਪ੍ਰੌੜ੍ਹ ਹੋ ਚੁੱਕੀਆਂ ਕਵਿਤਰੀਆਂ ਦੇ ਨਾਲ-ਨਾਲ ਅਜੋਕੀ ਪੀੜ੍ਹੀ ਨੂੰ ਵੀ ਇਸ ਅੰਕ ਵਿਚ ਬਣਦਾ ਮਾਣ-ਸਤਿਕਾਰ ਦਿੱਤਾ ਹੈ। ਜੋ ਇਸ ਅੰਕ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਮੈਗਜ਼ੀਨ ਦੇ ਸੰਪਾਦਕੀ ਲੇਖ ਵਿਚ ਅਰਤਿੰਦਰ ਸੰਧੂ ਨੇ ਨਾਰੀ-ਕਾਵਿ ਅਤੇ ਕਵਿਤਰੀਆਂ ਬਾਰੇ ਬਹੁਤ ਹੀ ਖੋਜ ਭਰਪੂਰ ਲੇਖ ਲਿਖਿਆ ਹੈ। ਇਸ ਲੇਖ ਅਨੁਸਾਰ ਅੰਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਦੇ ਸਾਹਿਤਕ ਖੇਤਰ ਵਿਚ ਆਉਣ ਨਾਲ ਵੀਹਵੀਂ ਸਦੀ ਦੇ ਨਾਰੀ-ਕਾਵਿ ਦੇ ਨੈਣ-ਨਕਸ਼ ਉਭਰਦੇ ਹਨ। ਪਰ ਇਸ ਬਾਰੇ ਖੋਜ ਕਰਨ ’ਤੇ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਪੰਜਾਬੀ ਦੀ ਪਹਿਲੀ ਕਵਿਤਰੀ ‘ਪੀਰੋ ਪ੍ਰੇਮਣ ਸੀ। ਉਸ ਦੀਆਂ ਸਮਕਾਲੀ ਨੁਰੰਗ ਦੇਵੀ ਅਤੇ ਸਹਿਜੋ ਬਾਈ ਹਨ ਅਤੇ ਅਹ ਸੰਤ ਗੁਲਾਬ ਦਾਸ ਦੀਆਂ ਸ਼ਾਗਿਰਦ ਸਮਨ। ਇਨ੍ਹਾਂ ਕਵਿਤਰੀਆਂ ਦੀਆਂ ਰਚਨਾਵਾਂ ਦੇ ਵਿਸ਼ੇ ਧਾਰਮਿਕ ਵਿਰਤੀ ਵਾਲੇ ਸਨ। ਇੱਥੇ ਇਹ ਵੀ ਸੱਚ ਹੈ ਕਿ ਧਾਰਮਿਕ ਵਿਸ਼ੇ ਨਾਲ ਸਬੰਧਤ ਹੋਣ ਕਰਕੇ ਇਨ੍ਹਾਂ ਦੀ ਕਵਿਤਾ ਧਾਰਮਿਕ ਡੇਰਿਆਂ ਵਿਚ ਸਾਂਭੀ ਗਈ ਅਤੇ ਸਾਡੇ ਤਕ ਪਹੁੰਚੀ ਹੈ।





ਬੇਸ਼ੱਕ ਇਨ੍ਹਾਂ ਤੋਂ ਪਹਿਲਾਂ ਵੀ ਨਾਰੀ ਮਨ ਦੀ ਸੰਵੇਦਨਾ ਨਾਲ ਸਬੰਧਤ ਪੰਜਾਬੀ ਵਿਚ ਕਾਵਿ ਦੀਆਂ ਬਹੁਤ ਸਾਰੀਆਂ ਵੰਨਗੀਆਂ ਲੋਕ ਸਾਹਿਤ ਦੇ ਰੂਪ ਵਿਚ ਮੌਜੂਦ ਹਨ ਜੋ ਔਰਤ ਮਨ ਦੀ ਅਭਿਵਿਅਕਤੀ ਕਰਦੀਆਂ ਹਨ। ਪਰ ਇਨ੍ਹਾਂ ਰਚਨਾਵਾਂ ਦੀਆਂ ਰਚਨਹਾਰੀਆਂ ਦੇ ਨਾਂ ਨਹੀਂ ਮਿਲਦੇ ਇਸ ਲਈ ‘ਪੀਰੋ ਪ੍ਰੇਮਣ’ ਹੀ ਪੰਜਾਬੀ ਦੀ ਪਹਿਲੀ ਕਵਿਤਰੀ ਮੰਨੀ ਗਈ ਹੈ। ਉਸ ਦੀਆਂ ਰਚਨਾਵਾਂ ਗੁਲਾਬ ਦਾਸੀ ਪਰੰਪਰਾ ਅਧੀਨ ਰਚੀਆਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਦਯਾ (ਦਇਆ) ਬਾਈ, ਲੱਛਮੀ ਦੇਵੀ, ਫ਼ਾਫਲ ਖਾਤੂਨ, ਜੀਵਨ ਖਾਤੂਨ ਨਿਰੰਮੀ, ਆਇਸ਼ਾ ਬੀਬੀ, ਮਖ਼ਫ਼ੀ, ਹਰਨਾਮ ਕੌਰ ਨਾਭਾ, ਜਗਜੀਤ ਕੌਰ, ਜਸਵੰਤ ਕੌਰ ਆਹਲੂਵਾਲੀਆ, ਜੋਗਿੰਦਰ ਕੌਰ, ਤਜਿੰਦਰ ਕੌਰ, ਮਨਜੀਤ ਮਾਧੁਰ, ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ, ਕੁਲਦੀਪ ਕਲਪਨਾ, ਮਨਜੀਤ ਟਿਵਾਣਾ, ਕੁਲਦੀਪ ਗਿੱਲ, ਮਨਜੀਤ ਪਾਲ ਕੌਰ ਆਦਿ ਕਵਿਤਰੀਆਂ ਬਾਰੇ ਸੰਪਾਦਕੀ ਲੇਖ ਵਿਚ ਖੋਜ ਭਰਪੂਰ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਕਵਿਤਰੀਆਂ ਨੇ ਨਾਰੀ ਕਾਵਿ ਦੇ ਨੈਣ-ਨਕਸ਼ ਉਭਾਰਨ ਲਈ 18ਵੀਂ, 19ਵੀਂ ਸਦੀ ਵਿਚ ਆਪਣਾ-ਆਪਣਾ ਯੋਗਦਾਨ ਪਾਇਆ।

ਅਜੋਕੀ ਨਾਰੀ, ਆਪਣੀ ਪਹਿਲੀ ਪੀੜ੍ਹੀ ਨਾਲੋਂ ਕਿਤੇ ਜ਼ਿਆਦਾ ਜਾਗਰੂਕ ਹੈ। ਉਸ ਦੀ ਕਵਿਤਾ ਸਵੈ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ, ਰਿਸ਼ਤਿਆਂ ਦੇ ਟੁੱਟਣ-ਬਣਨ, ਮੁਹੱਬਤ ਅਤੇ ਸਮਾਜਿਕ ਘਟਨਾਵਾਂ ਦੀ ਵਿਆਖਿਆ ਕਰਦੀ ਹੈ। ਹੱਥਲੇ ਅੰਕ ਵਿਚ ਸ਼ਾਮਲ 98 ਕਵਿਤਰੀਆਂ ਦੀਆਂ ਕਵਿਤਾ ਨਾਰੀ ਜੀਵਨ ਦੇ ਨਾਲ-ਨਾਲ ਸਮਾਜ ਦੇ ਹਰ ਪਹਿਲੂ ਨਾਲ ਸਬੰਧ ਰੱਖਦੀ ਹੈ। ਇਨ੍ਹਾਂ ਰਚਨਾਵਾਂ ਵਿਚ ਨਾਰੀ-ਕਾਵਿ ਸੰਵੇਦਨਾ, ਸਮਾਜਿਕ ਤਾਣੇ-ਬਾਣੇ ਦੀ ਵਿਆਖਿਆ, ਵਸਲ, ਵਿਛੋੜੇ, ਦੁੱਖ-ਦਰਦ, ਵਿਰਾਗ ਆਦਿ ਬਹੁਤ ਸਾਰੇ ਹੋਰ ਰੰਗ ਮਿਲਦੇ ਹਨ। 19ਵੀ, 20ਵੀਂ ਤੇ 21ਵੀਂ ਸਦੀ ਦੀਆਂ ਇਨ੍ਹਾਂ ਕਵਿਤਰੀਆ ਨੇ ਔਰਤ ਦੀ ਤ੍ਰਾਸਤੀ ਤੇ ਸੰਵੇਦਨਾ ਨੂੰ ਆਪਣੀਆ ਰਚਨਾਵਾਂ ਰਾਹੀਂ ਸਮਾਜ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਇਹ ਅਰਤਿੰਦਰ ਸੰਧੂ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਬੇਸ਼ੱਕ ਅਜੋਕੇ ਸਮੇਂ ਵਿਚ ਇਸ ਦੀਆਂ ਬੁਲੰਦੀਆਂ ਕਿਸੇ ਤੋਂ ਛੁਪੀਆਂ ਨਹੀਂ ਪਰ ਫਿਰ ਵੀ ਅਰਤਿੰਦਰ ਸੰਧੂ ਦੇ ਇਹ ਉਪਰਾਲੇ ਨੂੰ ਅਣਗੋਲਿਆ ਨਹੀਂ ਕੀਤਾ ਜਾ ਸਕਦਾ। ਨਾਰੀ ਵਿਸ਼ੇਸ਼ ਅੰਕ ਦੇ ਅਧਿਐਨ ਤੋਂ ਬਾਅਦ ਇਹ ਗੱਲ ਭਲੀ-ਭਾਂਤੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਅਜੋਕੀ ਔਰਤ ਆਪਣਿਆਂ ਦੁੱਖਾਂ-ਦਰਦਾ ਦੇ ਨਾਲ-ਨਾਲ ਦੁਨੀਆ ਦੇ ਹੋਰ ਵੀ ਬਹੁਤ ਸਾਰੇ ਮਸਲਿਆ ਦੇ ਸਨਮੁੱਖ ਹੋ ਰਹੀ ਹੈ। ਏਕਮ ਦਾ ਇਹ ਅੰਕ ਨਾਰੀ ਕਾਵਿ ਦੇ ਇਤਿਹਾਸ ਵਿਚ ਮੀਲ ਪੱਥਰ ਬਣੇਗਾ। ਨਿਰਸੰਦੇਹ ਹੱਥਲਾ ਅੰਕ ਪੜ੍ਹਣ ਤੇ ਸਾਂਭਣਯੋਗ ਹੈ। •

## ਦੋਹੇ



ਸਵਰਨਦੀਪ ਸਿੰਘ ਨੂਰ
75891-19192

ਬੰਦ ਕੀਤੇ ਕੰਨ ਹਾਕਮਾਂ, ਹੋਈ ਚੁੱਪ ਜ਼ੁਬਾਨ।
ਰੱਬ ਦੇ ਵਿਹੜੇ ਬੈਠ ਕੇ, ਮਨ ਦੀ ਕਰੇ ਸ਼ੈਤਾਨ।

ਹੂਕ ਧਰਤ ਨੂੰ ਚੀਰਿਆ ਤੇ ਕੰਬ ਗਿਆ ਅਸਮਾਨ।
ਉਸ ’ਤੇ ਕੋਈ ਅਸਰ ਨਾ, ਰੂਹ ਬਣੀ ਸ਼ਮਸ਼ਾਨ।

ਧੀਆਂ ਦੇ ਕਿਉਂ ਕੀਰਨੇ, ਸੀਨੇ ਪਾਉਣ ਨਾ ਸੱਲ।
ਤਖ਼ਤਾਂ ਦਿਆ ਪੁਜਾਰੀਆ, ਕਿਉਂ ਨਾ ਕੱਢੇ ਹੱਲ।

ਜ਼ਰਾ-ਜ਼ਰਾ ਡੁਸਕਦਾ, ਕੋਸੇ ਹੰਝੂ ਕੇਰ।
ਇਹ ਭਾਣਾ ਨਾ ਵਾਪਰੇ, ਧਰਤੀ ਉੱਤੇ ਫੇਰ।

ਦੱਸ ਇਹ ਧੀਆਂ-ਧਿਆਣੀਆਂ, ਕਿੱਥੇ ਲਵਾਂ ਲੁਕਾਅ।
ਹਵਸਾਂ ਦਿਆ ਪੁਜਾਰੀਆ, ਨਾ ਇਹ ਕਹਿਰ ਕਮਾਅ।

ਜੇਕਰ ਤੂੰ ਵੀ ਹਾਕਮਾਂ, ਹੁੰਦਾ ਧੀ ਦਾ ਬਾਪ।
ਰੂਹ ਤੇਰੀ ਕੁਰਲਾਂਵਦੀ, ਵੇਖ ਕੇ ਐਡਾ ਪਾਪ।

ਗੁਰੂਆਂ ਪੀਰਾਂ ਵਾਲੜੀ, ਧਰਤੀ ਲਹੂ ਲੁਹਾਨ।
ਜ਼ਹਿਰ ਹਵਾਵਾਂ ਵਿਚ ਤੇ ਧੁੱਪਾਂ ਬੇਈਮਾਨ।

ਮਾਣ ਰਿਹਾ ਨਾ ਦੇਸ਼ ’ਤੇ, ਨਾ ਮਰਦ ਹੋਣ ਦਾ ਮਾਣ।
ਆਪਣੀ ਧੀ ਦੀ ਅੱਖ ’ਚੋਂ, ਵੱਜਣ ਰੋਹਲੇ ਬਾਣ।

ਲੋਅ ਬੁਝ ਨਾ ਜਾਏ ਸੱਚ ਦੀ, ਪਸਰ ਨਾ ਜਾਏ ਹਨੇਰ।
ਆਉ ਮਸ਼ਾਲਾਂ ਬਾਲੀਏ, ਹੋ ਨਾ ਜਾਵੇ ਦੇਰ।

## ਮਿੰਨੀ ਕਹਾਣੀ





• ਕੰਵਲਜੀਤ ਕੌਰ ਢਿੱਲੋਂ
94787-93231

ਕੁਲਬੀਰ ਦੀ ਬੱਸ ਵਿਚ ਚੜ੍ਹਦਿਆਂ ਹੀ ਨਜ਼ਰ ਖ਼ਾਲੀ ਸੀਟ ਦੀ ਭਾਲ ਵਿਚ ਸੀ। ਸ਼ੁਰੂ ਵਿਚ ਤਿੰਨਾਂ ਵਾਲੀ ਸੀਟ ’ਤੇ ਦੋ ਔਰਤਾਂ ਤੇ ਇਕ ਬੱਚਾ ਬੈਠਾ ਸੀ। ਕੁਲਬੀਰ ਨੇ ਬੜੇ ਸਤਿਕਾਰ ਦੇ ਲਹਿਜ਼ੇ ਨਾਲ ਔਰਤ ਨੂੰ ਸੰਬੋਧਨ ਕਰਦਿਆਂ ਕਿਹਾ, ‘ਦੀਦੀ ਬੱਚੇ ਨੂੰ ਗੋਦ ਵਿਚ ਬਿਠਾ ਲਓ।’ ਪਰ ਔਰਤ ਅੱਗੋਂ ਔਖੇ ਲਹਿਜ਼ੇ ਵਿਚ ਬੋਲੀ, ‘ਮੈਂ ਤਾਂ ਬੱਚੇ ਦੀ ਵੀ ਟਿਕਟ ਲੈਣੀ, ਇਹ ਸੀਟ ’ਤੇ ਹੀ ਬੈਠੇਗਾ।’ ਕੁਲਬੀਰ ਨੇ ਵੇਖਿਆ ਕਿ ਦੋ ਸੀਟ ਛੱਡ ਕੇ ਤਿੰਨਾਂ ਵਾਲੀ ਸੀਟ ’ਤੇ ਦੋ ਆਦਮੀ ਬੈਠੇ ਸਨ।

ਸ਼ੀਸ਼ੇ ਵੱਲ ਬੈਠੇ ਆਦਮੀ ਦੀ ਉਮਰ ਕੋਈ 30-35 ਸਾਲ ਤੇ ਉਸ ਦੇ ਨਾਲ ਬੈਠੇ ਦੀ ਉਮਰ 45-50 ਸਾਲ ਦੇ ਵਿਚਕਾਰ ਸੀ। ਕੁਲਬੀਰ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨਾਲ ਜਾ ਬੈਠੀ। ਪਹਿਲਾਂ ਤਾਂ ਉਹ ਦੋਵੇਂ ਆਦਮੀ ਆਪਸ ਵਿਚ ਗੱਲਾਂ ਕਰਦੇ ਰਹੇ ਫਿਰ ਕੁਲਬੀਰ ਦੇ ਨਾਲ ਬੈਠੇ ਆਦਮੀ ਨੇ ਕਿਸੇ ਜਗ੍ਹਾ ਫ਼ੋਨ ਲਗਾਇਆ ਤੇ ਗੱਲਾਂ ਕਰਨ ਲੱਗ ਪਿਆ। ਉਸ ਦੀਆਂ ਗੱਲਾਂ ਵਿਚ ਜ਼ਮੀਨ ਜਾਇਦਾਦ ਤੇ ਨੌਕਰਾਂ ਦਾ ਜ਼ਿਕਰ ਸੀ, ਜਿਵੇਂ ਉਹ ਆਸ-ਪਾਸ ਦੀਆਂ ਸਵਾਰੀਆਂ ’ਤੇ ਆਪਣੀ ਅਮੀਰੀ ਦਾ ਰੋਹਬ ਪਾਉਣਾ ਚਾਹੁੰਦਾ ਹੋਵੇ।

ਕੁਲਬੀਰ ਮਨ ਵਿਚ ਸੋਚ ਰਹੀ ਸੀ ਕਿ ਜੇ ਇਹ ਏਡਾ ਹੀ ਨਾਢੂ ਖਾਂ ਹੈ ਤਾਂ ਫਿਰ ਬੱਸ ਵਿਚ ਸਫ਼ਰ ਕਿਉਂ ਕਰ ਰਿਹਾ ਸੀ। ਫ਼ੋਨ ਬੰਦ ਕਰ ਉਸ ਨੇ ਕੁਲਬੀਰ ਨਾਲ ਗੱਲਬਾਤ ਦਾ ਸਿਲਸਲਾ ਤੋਰਦੇ ਹੋਏ ਪੁੱਛਿਆ, ‘ਤੁਸੀਂ ਨੌਕਰੀ ਕਰਦੇ ਹੋ?’ ਤਾਂ ਕੁਲਬੀਰ ਨੇ ਕਿਹਾ, ‘ਹਾਂਜੀ, ਸਰਕਾਰੀ ਅਧਿਆਪਕ ਹਾਂ।’ ਉਸ ਦਾ ਅਗਲਾ ਸਵਾਲ ਸੀ, ‘ਤੁਸੀਂ ਸਹੁਰੇ ਜਾ ਰਹੇ ਹੋ ਜਾਂ ਪੇਕੇ?’ ਕੁਲਬੀਰ ਨੇ ਕਿਹਾ, ‘ਮੇਰਾ ਅਜੇ ਵਿਆਹ ਨਹੀਂ ਹੋਇਆ।’ ਏਨੇ ਨੂੰ ਕੰਡਕਟਰ ਟਿਕਟਾਂ ਕੱਟਣ ਆ ਗਿਆ। ਕੰਡਕਟਰ ਆਸ-ਪਾਸ ਦੀਆਂ ਸਵਾਰੀਆਂ ਦੀਆਂ ਟਿਕਟਾਂ ਕੱਟ ਰਿਹਾ ਸੀ ਕਿ ਉਸ ਆਦਮੀ ਨੇ ਕੁਲਬੀਰ ਨੂੰ ਕਿਹਾ ‘ਤੁਹਾਡੀ ਟਿਕਟ ਮੈਂ ਕਟਵਾ ਲਵਾਂ।’

ਕੁਲਬੀਰ ਨੇ ਮੋੜਵੇਂ ਜਵਾਬ ਵਿਚ ਕਿਹਾ, ‘ਨੋ ਥੈਂਕਸ।’ ਤੇ ਕੋਲ ਖੜ੍ਹੇ ਕੰਡਕਟਰ ਦੇ ਹੱਥ ਵਿਚ 20 ਰੁਪਏ ਦਾ ਨੋਟ ਧਰ, ਟਿਕਟ ਕਟਵਾ ਲਈ। ਕੰਡਕਟਰ ਨੇ ਜਦੋਂ ਉਸ ਵਿਅਕਤੀ ਕੋਲੋਂ ਟਿਕਟ ਪੁੱਛੀ ਤਾਂ ਉਸ ਨੇ ਮੁਲਾਜ਼ਮ ਕਹਿ ਟਿਕਟ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਕੁਲਬੀਰ ਮਨ ਹੀ ਮਨ ਉਸ ਦੀ ਕਮੀਨਗੀ ’ਤੇ ਮੁਸਕਰਾਈ। ਸ਼ਾਇਦ ਉਸ ਵਿਅਕਤੀ ਨੇ ਇਕ ਦਾਣਾ ਪਾਇਆ ਸੀ, ਕੁਲਬੀਰ ਨੂੰ ਫਸਾਉਣ ਲਈ ਜੋ ਉਸ ਨੇ ਨਹੀਂ ਚੁੱਗਿਆ। ਕੁਲਬੀਰ ਦਾ ਪਿੰਡ ਕੁਝ ਦੂਰੀ ’ਤੇ ਸੀ ਪਰ ਉਹ ਪਹਿਲਾਂ ਹੀ ਸੀਟ ’ਤੋਂ ਖੜ੍ਹੀ ਹੋ ਗਈ। ਉਸ ਕੋਲ ਕਾਫ਼ੀ ਸਾਮਾਨ ਸੀ ਪਰ ਹੁਣ ਉਹ ਇਕ ਪਲ ਵੀ ਹੋਰ ਉਸ ਇਨਸਾਨ ਨਾਲ ਬੈਠਣਾ ਨਹੀਂ ਸੀ ਚਾਹੁੰਦੀ । ਜਦੋਂ ਕੁਲਬੀਰ ਭੀੜ ਨੂੰ ਚੀਰਦੀ ਹੋਈ ਬੱਸ ਦੀ ਬਾਰੀ ਵੱਲ ਜਾ ਰਹੀ ਸੀ ਤਾਂ ਪਿੱਛੋਂ ਆਵਾਜ਼ ਆ ਰਹੀ ਸੀ, ‘ਪਾਸੇ ਹੋ ਜਾਓ ਭੈਣ ਜੀ ਹੋਣਾ ਨੂੰ ਲੰਘ ਲੈਣ ਦਿਉ।’ ਇਹ ਆਵਾਜ਼ ਕੁਲਬੀਰ ਨਾਲ ਸੀਟ ’ਤੇ ਬੈਠੇ ਆਦਮੀ ਦੀ ਸੀ। •

## ਕਹਾਣੀ





*‘ਮਾਂ ਜੇ ਮੈਂ ਮੁੰਡਾ ਹੁੰਦੀ ਤੇ ਗੋਰੀ ਵਿਆਹ ਕੇ ਲਿਆਉਂਦੀ ਤਾਂ ਬੜੇ ਖ਼ੁਸ਼ ਹੁੰਦੇ, ਕੁੜੀਆਂ ਵਾਰੀ ਇਹ ਭੂਚਾਲ ਕਿਉਂ? ਜਿੰਨਾ ਸਤਿਕਾਰ ਔਰਤਾਂ ਦਾ ਗੋਰੇ ਕਰਦੇ, ਆਪਣੇ ਨਹੀਂ। ਦਿਨ ਰਾਤ ਕੰਮ ਕਰੋ, ਨਾਲੇ ਰਸੋਈ ਸਾਂਭੋ, ਆਪ ਪੀ ਕੇ ਲਾਟ ਸਾਹਿਬ ਬਣੇ ਰਹਿੰਦੇ ਆ, ਪੰਜਾਬ ’ਚ ਬੰਦੇ ਤਾਂ...”*

• ਗੁਰਮੀਤ ਸਿੰਘ ਮਰਾੜ੍ਹ
9501400397

‘ਜੇ ਨਿੰਦੀ ਨੂੰ ਬੁਲਾਉਣਾ ਤਾਂ ਮੈਂ ਨਹੀਂ ਵਿਆਹ ’ਚ ਵੜਨਾ’। ਕਈ ਦਿਨਾਂ ਤੋਂ ਘਰ ਵਿਚ ਰਮਨ ਦੇ ਵਿਆਹ ਨੂੰ ਲੈ ਕੇ ਬਹਿਸ ਚੱਲ ਰਹੀ ਸੀ ਤੇ ਰੂਪ ਸਿੰਘ ਇੱਕੋ ਗੱਲ ’ਤੇ ਅੜਿਆ ਹੋਇਆ ਸੀ। ਮੁੰਡੇ ਵਾਲੇ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਵਿਆਹ ਦੀ ਕਾਹਲ ਕਰ ਰਹੇ ਸਨ ਪਰ ਰੂਪ ਸਿੰਘ ਦੇ ਘਰ ਹੋ ਰਹੀ ਖਿੱਚੋਤਾਣ ਕਾਰਨ ਵਿਆਹ ਤੋਂ ਟਾਲਾ ਵੱਟਿਆ ਜਾ ਰਿਹਾ ਸੀ। ਰੂਪ ਸਿੰਘ ਕਿਸੇ ਵੀ ਹਾਲਤ ਵਿਚ ਨਿੰਦੀ ਨੂੰ ਮੱਥੇ ਨਹੀਂ ਸੀ ਲਾਉਣਾ ਚਾਹੁੰਦਾ ਪਰ ਸੁੱਖੀ ਆਪਣੀ ਧੀ ਨੂੰ ਕਿਵੇਂ ਪਾਸੇ ਸੁੱਟਦੀ, ਅਜੀਬ ਜਿਹੀ ਹਾਲਤ ਬਣੀ ਹੋਈ ਸੀ।

ਨਿੰਦੀ ਰੂਪ ਸਿੰਘ ਦੀ ਵੱਡੀ ਧੀ ਸੀ। ਬੜੀ ਹੋਣਹਾਰ ਅਤੇ ਸੋਹਣੀ ਸੁਲੱਖੀ। ਕਈ ਡਿਗਰੀਆਂ, ਡਿਪਲੋਮਿਆਂ ਤੋਂ ਬਾਅਦ ਵੀ ਨੌਕਰੀ ਨਹੀਂ ਸੀ ਮਿਲੀ। ਆਖ਼ਰ ਜਿੱਦ ਕਰ ਕੇ ਹੋਰਨਾਂ ਸਾਥੀਆਂ ਵਾਂਗ ਕਨੇਡਾ ਵਾਲਾ ਰਾਹ ਫੜ ਲਿਆ ਸੀ। ਰੂਪ ਸਿੰਘ ਦੀ ਆਰਥਿਕ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਸੀ। ਭਲੇ ਸਮਿਆਂ ’ਚ ਦਸਵੀਂ ਕਰ ਕਲਰਕ ਦੀ ਨੌਕਰੀ ਲੱਗ ਗਿਆ ਸੀ। ਮਾਂ-ਪਿਉ ਨੇ ਨੌਕਰੀ ਕਾਰਨ ਘਰ ਦੀ ਜ਼ਮੀਨ ’ਚੋਂ ਵੀ ਹਿੱਸਾ ਨਹੀਂ ਦਿੱਤਾ ਸੀ ਕਿ ਉਸ ਨੂੰ ਪੜ੍ਹਾ ਨੌਕਰੀ ਲਵਾਇਆ।

ਤਨਖ਼ਾਹ ਨਾਲ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਦੋ ਧੀਆਂ ਅਤੇ ਮੁੰਡੇ ਦੀ ਪੜ੍ਹਾਈ ਦਾ ਖ਼ਰਚਾ, ਘਰ ਦੀਆਂ ਕਿਸ਼ਤਾਂ ਅਤੇ ਕਬੀਲਦਾਰੀ ਦੇ ਸੌ ਝੇੜੇ। ਨਿੰਦੀ ਦੀ ਜਿੱਦ ਪੂਰੀ ਕਰਨ ਲਈ ਸੌ ਪਾਪੜ ਵੇਲਣੇ ਪਏ, ਬੈਂਕ ਤੋਂ ਕਰਜ਼ਾ, ਦੋਸਤਾਂ ਤੋਂ ਫੜ-ਫੜਾਈ, ਸੁੱਖੀ ਦੀਆਂ ਟੂੰਬਾਂ ਲੈ ਦੇ ਕਰ, ਨਿੰਦੀ ਨੂੰ ਤੋਰਿਆ ਸੀ। ਨਿੰਦੀ ਨੇ ਉੱਥੇ ਜਾ ਕਾਲਜ ਵਿਚ ਦਾਖ਼ਲਾ ਲੈ ਲਿਆ।

ਰੋਜ਼ਾਨਾ ਦੇ ਖ਼ਰਚ ਪੂਰੇ ਕਰਨ ਲਈ ਦਿਨ ਰਾਤ ਭੱਜ ਦੌੜ ਕਰਨੀ ਪੈਂਦੀ। ਫਿਰ ਵੀ ਸਲਾਨਾ ਫ਼ੀਸ ਭਰਨ ਲਈ ਘਰਦਿਆਂ ਨੂੰ ਹੀ ਕਹਿਣਾ ਪੈਂਦਾ। ਰੂਪ ਸਿੰਘ ਔਖਾ-ਸੌਖਾ ਹੋ ਪਤਾ ਨਹੀਂ ਕਿਵੇਂ ਪੈਸਿਆਂ ਦਾ ਪ੍ਰਬੰਧ ਕਰਦਾ। ਸੁੱਖੀ ਹਰ ਵੇਲੇ ਹੌਸਲਾ ਦਿੰਦੀ ਰਹਿੰਦੀ ਕਿ ਸਾਡਾ ਵੀ ਸਮਾਂ ਬਦਲੂ, ਨਿੰਦੀ ਪੈਰਾਂ ਸਿਰ ਹੋ ਜਾਵੇ। ਨਿੰਦੀ ਵੀ ਪੂਰੀ ਮਿਹਨਤ ਕਰ ਰਹੀ ਸੀ।

ਬਿਗਾਨੇ ਦੇਸ਼ ਦੀ ਖੁੱਲ੍ਹੀ ਹਵਾ ਤੇ ਜਵਾਨੀ ਦਾ ਸਮਾਂ ਨਾਲ-ਨਾਲ ਚੱਲ ਰਿਹੇ ਸਨ। ਜਦੋਂ ਕਾਲਜ ਵੱਲੋਂ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਦਾ, ਸਭ ਸਾਥੀ ਟੋਲੀਆਂ ’ਚ ਹੁੰਦੇ, ਨਿੰਦੀ ਵੀ ਆਪਣੇ ਕਾਲਜ ਦੇ ਸਾਥੀ ਅਤੇ ਸਟੋਰ ’ਚ ਨਾਲ ਕੰਮ ਕਰਨ ਵਾਲੇ ਗੋਰੇ ਨਾਲ ਕਦੋਂ ਵਿਚਰਨ ਲੱਗੀ, ਪਤਾ ਹੀ ਨਾ ਲੱਗਿਆ। ਕਦੇ ਨਿਆਗਰਾ ਫਾਲ, ਬੈਂਫ ਰਾਸ਼ਟਰੀ ਪਾਰਕ, ਟੋਰਾਂਟੋ ਦਾ ਸੀਐੱਨ ਟਾਵਰ ਘੁੰਮਦੇ ਹੋਏ ਇੱਕਠੇ ਜੀਣ ਦਾ ਸਬੱਬ ਬਣ ਗਿਆ। ਡਿਗਰੀ ਪੂਰੀ ਹੋਈ ਤਾਂ ਨਿੰਦੀ ਕੰਮ ਪ੍ਰਤੀ ਸੰਜੀਦਾ ਹੋ ਦਿਨ ਰਾਤ ਮਿਹਨਤ ਕਰ ਮਾਪਿਆਂ ਦਾ ਕਰਜ਼ਾ ਉਤਾਰਨ ਲੱਗੀ। ਰੂਪ ਸਿੰਘ ਦੇ ਹਾਲਾਤ ਵੀ ਬਦਲਣ ਲੱਗੇ। ਨਿੰਦੀ ਨੇ ਸਾਥੀ ਦੇ ਜ਼ੋਰ ਪਾਉਣ ’ਤੇ ਵਿਆਹ ਕਰ ਲਿਆ ਅਤੇ ਜ਼ਿੰਦਗੀ ਵਸਾ ਲਈ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਘਰਦਿਆਂ ਨੇ ਇਸ ਨੂੰ ਕਦੇ ਵੀ ਮਾਨਤਾ ਨਹੀਂ ਦੇਣੀ। ਆਖਰ ਮਾਂ ਨੂੰ ਇਸ ਬਾਰੇ ਦੱਸ ਦਿੱਤਾ। ਸੁੱਖੀ ਸਿਰ ਫੜ ਬੈਠ ਗਈ। ਨਿੰਦੀ ਨੂੰ ਝਿੜਕਿਆ ਵੀ, ਮੰਦਾ-ਚੰਗਾ ਵੀ ਬੋਲਿਆ ਪਰ ਨਿੰਦੀ ਦੀ ਕਹੀ ਗੱਲ ਨੇ ਉਸ ਨੂੰ ਨਿਰ-ਉੱਤਰ ਕਰ ਦਿੱਤਾ ਸੀ ਕਿ ‘ਮਾਂ ਜੇ ਮੈਂ ਮੁੰਡਾ ਹੁੰਦੀ ਤੇ ਗੋਰੀ ਵਿਆਹ ਕੇ ਲਿਆਉਂਦੀ ਤਾਂ ਬੜੇ ਖ਼ੁਸ਼ ਹੁੰਦੇ, ਕੁੜੀਆਂ ਵਾਰੀ ਇਹ ਭੂਚਾਲ ਕਿਉਂ। ਜਿੰਨਾ ਸਤਿਕਾਰ ਔਰਤਾਂ ਦਾ ਗੋਰੇ ਕਰਦੇ, ਆਪਣੇ ਨਹੀਂ। ਦਿਨ ਰਾਤ ਕੰਮ ਕਰੋ, ਨਾਲੇ ਰਸੋਈ ਸਾਂਭੋ, ਆਪ ਪੀ ਕੇ ਲਾਟ ਸਾਹਿਬ ਬਣੇ ਰਹਿੰਦੇ ਆ, ਪੰਜਾਬ ਦੇ ਬੰਦੇ।’ ਸੁੱਖੀ ਸੁਣ ਸੁੰਨ ਹੋ ਗਈ ਸੀ।

ਸੁੱਖੀ ਨੇ ਗੋਰੇ ਨਾਲ ਵਿਆਹ ਦੀ ਗੱਲ ਰੂਪ ਸਿੰਘ ਤੋਂ ਛੁਪਾ ਲਈ ਸੀ ਪਰ ਆਖਰ ਕਿੰਨੇ ਦਿਨ ਧੀ ਨੂੰ ਕੀ ਕਹਿੰਦੀ, ਸਿਰ ਚੜ੍ਹਿਆ ਕਰਜ਼ਾ ਪਹਾੜ ਬਣਿਆਂ ਹੋਇਆ ਸੀ, ਛੋਟੇ ਭੈਣ ਭਰਾ ਸਿਰ ਚੜ੍ਹਦੇ ਆ ਰਹੇ ਸਨ। ਰੂਪ ਸਿੰਘ ਜਦੋਂ ਨਿੰਦੀ ਦੇ ਵਿਆਹ ਬਾਰੇ ਗੱਲ ਕਰਦਾ ਤਾਂ ਸੁੱਖੀ ਟਾਲ ਮਟੋਲ ਕਰ ਛੱਡਦੀ। ਨਿੰਦੀ ਤੋਂ ਛੋਟੀ ਰਮਨ ਦਾ ਵੀ ਰਿਸ਼ਤਾ ਹੋ ਗਿਆ ਸੀ। ਵਿਆਹ ਦੀ ਤਿਆਰੀ ਹੋ ਰਹੀ ਸੀ ਪਰ ਨਿੰਦੀ ਬਾਰੇ ਰੂਪ ਸਿੰਘ ਨੂੰ ਕਿਵੇਂ ਦੱਸਿਆ ਜਾਵੇ, ਇਹ ਮੁਸ਼ਕਿਲ ਬਣੀ ਹੋਈ ਸੀ। ਆਖਰ ਸੁੱਖੀ ਨੇ ਹੌਸਲਾ ਕਰ ਸਾਰੀ ਗੱਲ ਰੂਪ ਸਿੰਘ ਨੂੰ ਦੱਸ ਦਿੱਤੀ ਅਤੇ ਉਸੇ ਦਿਨ ਤੋਂ ਘਰ ਵਿਚ ਇਹ ਭੂਚਾਲ ਆ ਗਿਆ ਸੀ। ਰੂਪ ਸਿੰਘ ਲਈ ਇਹ ਬਰਦਾਸ਼ਤ ਦੀ ਹੱਦ ਤੋਂ ਬਾਹਰੀ ਦੀ ਗੱਲ ਸੀ। ਉਹ ਤਾਂ ਗੱਲ ਸੁਣ ਜਿਵੇਂ ਪੱਥਰ ਹੋ ਗਿਆ ਸੀ। ਨਾ ਕਿਸੇ ਨਾਲ ਬੋਲਦਾ, ਨਾ ਕੁਝ ਖਾਂਦਾ-ਪੀਂਦਾ।

ਸੁੱਖੀ ਸਾਰਾ ਦਿਨ ਰੂਪ ਸਿੰਘ ਦੇ ਤਰਲੇ ਕਰਦੀ, ਵਾਸਤੇ ਪਾਉਂਦੀ, ਬੱਚਿਆਂ ਨੇ ਵੀ ਮਿੰਨਤਾਂ ਤਰਲੇ ਕੀਤੇ। ਹਵਾ ਤਾਂ ਸਾਡੇ ਇੱਥੇ ਵਿਗੜੀ ਪਈ, ਉਹ ਤਾਂ ਬਿਗਾਨਾ ਦੇਸ਼ ਆ। ਆਖਰ ਰੂਪ ਸਿੰਘ ਇਸ ਸ਼ਰਤ ’ਤੇ ਮੰਨਿਆ ਕਿ ਇਸ ਸ਼ਹਿਰ ਵਿਚ ਨਹੀਂ ਰਿਹਾ ਜਾਵੇਗਾ। ਆਪਣਾ ਘਰ ਛੱਡ ਬਿਗ਼ਾਨੇ ਸ਼ਹਿਰ ’ਚ ਕਿਰਾਏ ’ਤੇ ਆ ਬੈਠੇ। ਵਿਆਹ ਦੀ ਤਿਆਰੀ ਹੋ ਰਹੀ ਸੀ, ਰੂਪ ਸਿੰਘ ਚੁੱਪ-ਚਾਪ ਕੰਮ ਸੰਭਾਲ ਰਿਹਾ ਸੀ। ਰਾਤ ਨੂੰ ਇਕੱਲਾ ਆਪਣੇ ਕਮਰੇ ਵਿਚ ਆ ਬੈਠਦਾ। ਸੁੱਖੀ ਕਿਸੇ ਅਣਜਾਣੇ ਡਰ ਕਾਰਨ ਵਿੜਕਾਂ ਲੈਂਦੀ ਰਹਿੰਦੀ। ਰੂਪ ਸਿੰਘ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ ‘ਸੁੱਖੀ ਸੱਚ ਹੀ ਤਾਂ ਕਹਿੰਦੀ ਹੈ, ਹਵਾ ’ਤੇ ਕਿਸ ਦਾ ਜ਼ੋਰ ਚਲਦਾ ਹੈ। ਹਵਾਵਾਂ ਤਾਂ ਅਮੋੜ ਹੁੰਦੀਆਂ। ਮੈਂ ਤਾਂ ਬੇਵੱਸ ਹਾਂ, ਕੀ ਆਖਾਂ ਹਵਾਵਾਂ ਨੂੰ...? •

## ਮਿੰਨੀ ਕਹਾਣੀ





‘ਆਪਣਾ ਕਨੇਡਾ ਦਾ ਫੈਮਲੀ ਵੀਜ਼ਾ ਲੱਗ ਗਿਆ, ਕਰ ਲੋ ਤਿਆਰੀ।’ ਦਿਲਜੀਤ ਨੇ ਘਰ ਆਉਂਦਿਆਂ ਹੀ ਆਪਣੀ ਘਰ ਵਾਲੀ ਨੂੰ ਖ਼ੁਸ਼ਖ਼ਬਰੀ ਸੁਣਾ ਦਿੱਤੀ।

‘ਵਓ, ਵੈਰੀ ਨਾਇਸ, ਬਟ ਆਹ ਬੁੱਢਾ-ਬੁੱਢੀ ਦਾ ਕੀ ਕਰਾਂਗੇ?’ ਪਤਨੀ ਨੇ ਚਿੰਤਾ ਜ਼ਾਹਿਰ ਕੀਤੀ।

‘ਕਰਨਾ ਕੀ ਆ, ਇਹ ਬਿਰਧ ਆਸ਼ਰਮ ਕਿਸ ਲਈ ਬਣੇ ਨੇ ਭਲਾਂ।’ ਦਿਲਜੀਤ ਨੇ ਦੰਦੀਆਂ ਕੱਢਦੇ ਹੋਏ ਜਵਾਬ ਦਿੱਤਾ।

‘ਸਹੀ ਕਿਹਾ, ਪਰ...।’

‘ਪਰ ਕੀ?’

‘ਆਪਣੇ ਟੌਮੀ ਤੇ ਸੈਮੀ ਦਾ ਕੀ ਬਣੂਗਾ, ਇਹ ਤਾਂ ਇਨ੍ਹਾਂ ਬੁੱਢੇ-ਬੁੱਢੀ ਦਾ ਕਰਦੇ ਵੀ ਬਹੁਤ ਨੇ।’ ਦਿਲਜੀਤ ਦੀ ਪਤਨੀ ਨੇ ਪਾਲਤੂ ਕੁੱਤਿਆਂ ਬਾਰੇ ਫ਼ਿਕਰਮੰਦ ਹੁੰਦੇ ਹੋਏ ਕਿਹਾ।

‘ਉਹ ਇਹ ਤਾਂ ਮੇਰੇ ਦਿਮਾਗ਼ ਵਿੱਚੋਂ ਹੀ ਨਿਕਲ ਗਿਆ, ਕੋਈ ਗੱਲ ਨਹੀਂ, ਕਰਦੇ ਹਾਂ ਕੋਈ ਹੱਲ।’

ਅਗਲੇ ਦਿਨ ਦਿਲਜੀਤ ਵੱਲੋਂ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਗਿਆ।ਜਿਸ ਵਿਚ ‘ਲੋੜ ਹੈ’ ਸਿਰਲੇਖ ਹੇਠ ਛਪਿਆ ਸੀ, ‘ਇਕ ਸੇਵਾਦਾਰ ਦੀ ਲੋੜ ਹੈ ਜੋ ਬਜ਼ੁਰਗ ਜੋੜੇ ਦੀ ਸਾਂਭ-ਸੰਭਾਲ ਤੇ ਦੋ ਕੁੱਤਿਆਂ ਦਾ ਚੰਗੀ ਤਰ੍ਹਾਂ ਖ਼ਿਆਲ ਰੱਖ ਸਕੇ। ਤਨਖ਼ਾਹ ਯੋਗਤਾ ਅਨੁਸਾਰ।

• ਰਮਨਦੀਪ ਸ਼ਰਮਾ, 95010-33005

# ਨੇਹੀਆਂ ਵਾਲਾ ਵਿੱਚ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ



**ਬਠਿੰਡਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਡਾ. ਪ੍ਰਭਜੋਤ ਕੌਰ ਜ਼ਿਲ੍ਹਾ ਸਿਖਲਾਈ ਅਫ਼ਸਰ ਬਠਿੰਡਾ ਦੀ ਅਗਵਾਈ ਵਿੱਚ ਬਲਾਕ ਬਠਿੰਡਾ ਦੇ ਪਿੰਡ ਨੇਹੀਆਂ ਵਾਲਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ. ਹਰਜਸਪਾਲ ਸ਼ਰਮਾ ਖੇਤੀਬਾੜੀ ਅਫ਼ਸਰ ਬਠਿੰਡਾ ਅਤੇ ਵਿਭਾਗੀ ਸਟਾਫ਼ ਵੀ ਹਾਜ਼ਰ ਰਿਹਾ।

ਕੈਂਪ ਦੌਰਾਨ ਡਾ. ਜਸਵਿੰਦਰ ਕੌਰ, ਏਡੀਓ (ਟ੍ਰੇਨਿੰਗ) ਨੇ ਖੇਤੀ ਵਿਭਿੰਨਤਾ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਕਿਸਾਨਾਂ ਨੂੰ ਨਰਮੇ ਦੀ ਬਿਜਾਈ ਵੱਲ ਧਿਆਨ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਨੇ ਦੱਸਿਆ ਕਿ ਨਰਮੇ ਦੀ ਸਫਲ ਕਾਸ਼ਤ ਲਈ ਖੇਤਾਂ ਨੂੰ ਡੂੰਘਾ ਵਾਹੁਣਾ, ਭਰਵੀਂ ਰੌਣੀ ਕਰਨੀ ਅਤੇ 15 ਮਈ ਤੋਂ ਪਹਿਲਾਂ ਬਿਜਾਈ ਕਰਨੀ ਬਹੁਤ ਜ਼ਰੂਰੀ ਹੈ। ਨਾਲ ਹੀ ਰਸ ਚੂਸਕ ਕੀੜਿਆਂ ਅਤੇ ਗੁਲਾਬੀ ਸੁੰਡੀ ਤੋਂ ਬਚਾਅ ਲਈ ਸਰਵੇਖਣ ਅਤੇ ਨਦੀਨਾਂ ਦੇ ਨਾਸ਼ ਬਾਰੇ ਵੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਚਿੱਟੀ ਮੱਖੀ ਅਤੇ ਹੋਰ ਕੀੜਿਆਂ ਤੋਂ ਬਚਾਅ ਲਈ ਖੇਤਾਂ ਦੇ ਆਲੇ-ਦੁਆਲੇ ਦੇ ਨਦੀਨ ਜਿਵੇਂ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਧਤੂਰਾ ਅਤੇ ਭੰਗ ਆਦਿ ਨੂੰ ਖਤਮ ਕਰਨਾ ਲਾਜ਼ਮੀ ਹੈ। ਇਸ ਤੋਂ ਇਲਾਵਾ ਨਰਮੇ ਦੇ ਨੇੜੇ ਕੁਝ ਸਬਜ਼ੀਆਂ ਦੀ ਕਾਸ਼ਤ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਗਈ। ਕਿਸਾਨਾਂ ਨੂੰ ਸਰਕਾਰ ਵੱਲੋਂ ਨਰਮੇ ਦੇ ਬੀਜ 'ਤੇ ਮਿਲ ਰਹੀ 33 ਫੀਸਦੀ ਸਬਸਿਡੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਸਮੇਤ ਨਵੀਂ ਦੇਸੀ ਕਿਸਮ ਪੀਬੀਡੀ-88 ਬਾਰੇ ਵੀ ਜਾਣੂ ਕਰਵਾਇਆ ਗਿਆ।

ਕੈਂਪ ਦੌਰਾਨ ਡਾ. ਯਾਦਵੀਰ ਕੌਰ ਨੇ ਮਿੱਟੀ ਅਤੇ ਪਾਣੀ ਦੀ ਪਰਖ ਦੀ ਮਹੱਤਤਾ ਅਤੇ ਨਮੂਨੇ ਲੈਣ ਦੇ ਢੰਗ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਖਾਦਾਂ ਦੀ ਵਰਤੋਂ ਰਿਪੋਰਟ ਅਨੁਸਾਰ ਕਰਨ ਦੀ ਅਪੀਲ ਕੀਤੀ। ਡਾ. ਹਰਦੀਪ ਸਿੰਘ ਨੇ ਕਣਕ ਦੇ ਨਾੜ ਨੂੰ ਅੱਗ ਨਾ ਲਗਾ ਕੇ ਮਿੱਟੀ ਵਿੱਚ ਵਾਹੁਣ ਅਤੇ ਝੋਨੇ ਦੀ ਨਵੀਂ ਕਿਸਮ ਪੀਆਰ-133 ਦੀ ਖੇਤੀ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਡਾ. ਗੀਨਾ ਗਰਗ ਨੇ ਬਾਗਬਾਨੀ ਸਕੀਮਾਂ ਅਤੇ ਸਬਸਿਡੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ।

ਅੰਤ ਵਿੱਚ ਡਾ. ਪ੍ਰਭਜੋਤ ਕੌਰ ਨੇ ਕਿਸਾਨਾਂ ਨੂੰ ਰਵਾਇਤੀ ਕਣਕ-ਝੋਨਾ ਚੱਕਰ ਤੋਂ ਬਾਹਰ ਨਿਕਲ ਕੇ ਨਰਮੇ ਹੇਠ ਰਕਬਾ ਵਧਾਉਣ ਅਤੇ ਸਹਾਇਕ ਧੰਦੇ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕੈਂਪ ਵਿੱਚ ਸ਼ਾਮਿਲ ਹੋਣ ਲਈ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਖੇਤੀ ਨੂੰ ਟਿਕਾਊ ਬਣਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

# ਜ਼ਿਲ੍ਹੇ 'ਚ ਗਠਿਤ ਟਰਾਂਸਜੈਂਡਰ ਪ੍ਰੋਟੈਕਸ਼ਨ ਸੈੱਲ ਨਾਲ ਟਰਾਂਸਜੈਂਡਰਾਂ ਦੀ ਭਲਾਈ ਸਬੰਧੀ ਕੀਤੀ ਮੀਟਿੰਗ



**ਹੁਸ਼ਿਆਰਪੁਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਵਿੱਚ ਗਠਿਤ ਟਰਾਂਸਜੈਂਡਰ ਪ੍ਰੋਟੈਕਸ਼ਨ ਸੈੱਲ ਨਾਲ ਟਰਾਂਸਜੈਂਡਰਾਂ ਦੀ ਭਲਾਈ ਲਈ ਸਿਹਤ ਸਹੂਲਤਾਂ, ਕਿੱਤਾ-ਸਿਖਲਾਈ ਕੋਰਸਾਂ, ਟਰਾਂਸਜੈਂਡਰ ਪਹਿਚਾਣ-ਪੱਤਰ ਆਦਿ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਟਰਾਂਸਜੈਂਡਰਾਂ ਦੀਆਂ ਸ਼ਿਕਾਇਤਾਂ ਸਬੰਧੀ ਜ਼ਿਲ੍ਹੇ ਵਿੱਚ ਟਰਾਂਸਜੈਂਡਰ ਪ੍ਰੋਟੈਕਸ਼ਨ ਸੈੱਲ ਦਾ ਗਠਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਕੋਈ ਵੀ ਟਰਾਂਸਜੈਂਡਰ ਆਪਣੀ ਸ਼ਿਕਾਇਤ ਹੈਲਪਲਾਈਨ ਨੰਬਰ 112 'ਤੇ ਵੀ ਦਰਜ ਕਰਵਾ ਸਕਦਾ ਹੈ।ਇਸ ਮੌਕੇ ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਕੁਮਾਰ, ਡੀ.ਐਸ.ਪੀ. ਹੈੱਡ ਕੁਆਟਰ ਕਰਤਾਰ ਸਿੰਘ, ਪ੍ਰੋਜੈਕਟ ਮੈਨੇਜਰ ਸ਼ਾਨ ਫਾਊਂਡੇਸ਼ਨ, ਟਰਾਂਸਜੈਂਡਰ ਕਮਿਊਨਿਟੀ ਦੇ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਜਾਗਰੂਕਤਾ ਕੈਂਪ ਆਯੋਜਿਤ




**ਬਠਿੰਡਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਏ.ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਅਤੇ ਖੇਤਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਪਿੰਡ ਸੇਖਪੁਰਾ ਬਲਾਕ ਤਲਵੰਡੀ ਸਾਬੋ ਵਿਖੇ ਸੰਤੁਲਿਤ ਖਾਦ ਪ੍ਰਬੰਧਨ ਮੁਹਿੰਮ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਡਾ. ਗੁਰਮੀਤ ਸਿੰਘ ਢਿੱਲੋਂ, ਪ੍ਰੋਫੈਸਰ (ਪਸਾਰ ਸਿੱਖਿਆ) ਨੇ ਕਿਸਾਨਾਂ ਨੂੰ ਫਸਲਾਂ ਵਿੱਚ ਸੰਤੁਲਿਤ ਖਾਦ ਪ੍ਰਬੰਧ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆ ਕਰਵਾਈ।

ਇਸ ਦੌਰਾਨ ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮਿੱਟੀ ਦੀ ਪਰਖ ਕਰਵਾਉਣ ਅਤੇ ਸਾਉਣੀ ਦੀਆਂ ਫ਼ਸਲਾਂ ਵਿੱਚ ਪਰਖ ਦੇ ਅਧਾਰਿਤ ਹੀ ਖਾਦਾਂ ਦੀ ਵਰਤੋਂ ਕਰਨ। ਅਜਿਹਾ ਕਰਨ ਨਾਲ ਜ਼ਮੀਨ ਦੀ ਸਿਹਤ ਵੀ ਬਰਕਰਾਰ ਰਹਿੰਦੀ ਹੈ ਅਤੇ ਕਿਸਾਨ ਦਾ ਖਰਚਾ ਵੀ ਘਟਦਾ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਫਾਸਫੋਰਸ ਤੱਤ ਨੂੰ ਪਾਇਆ ਜਾਵੇ ਅਤੇ ਸਾਉਣੀ ਦੀਆਂ ਫ਼ਸਲਾਂ ਵਿੱਚ ਫਾਸਫੋਰਸ ਤੱਤ ਨਾ ਪਾਇਆ ਜਾਵੇ। ਉਹਨਾਂ ਕਿਹਾ ਕਿ ਖਾਦਾਂ ਦੀ ਬੇਲੋੜੀ ਵਰਤੋਂ ਨਾਲ ਫ਼ਸਲਾਂ ਦਾ ਝਾੜ ਵੀ ਘਟਦਾ ਹੈ ਅਤੇ ਵਾਤਾਵਰਣ ਵੀ ਪ੍ਰਦੂਸ਼ਿਤ ਹੁੰਦਾ ਹੈ। ਉਹਨਾਂ ਕਿਸਾਨਾਂ ਨੂੰ ਸਿਹਤਮੰਦ ਜੀਵਨ ਜਿਉਣ ਲਈ ਆਪਣੀ ਜੀਵਨ ਸ਼ੈਲੀ ਨੂੰ ਤਨਾਅ ਮੁਕਤ ਰੱਖਣ ਦੀ ਅਪੀਲ ਕੀਤੀ ਅਤੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਕਈ ਵਾਰ ਫ਼ਸਲਾਂ ਦਾ ਝਾੜ ਘਟਣ ਨਾਲ ਕਿਸਾਨ ਵੀਰ ਤਨਾਅ ਗ੍ਰਸਤ ਹੋ ਜਾਂਦੇ ਹਨ। ਇਸ ਤੋਂ ਬਚਣ ਲਈ ਹਰ ਰੋਜ ਪੌਸ਼ਟਿਕ ਆਹਾਰ ਅਤੇ ਸਰੀਰਕ ਗਤੀਵਿਧੀ ਕਰਦੇ ਰਹਿਣਾ ਬਹੁਤ ਜ਼ਰੂਰੀ ਹੈ।

ਇਸ ਮੌਕੇ ਡਾ. ਰਮਨਦੀਪ ਕੌਰ, ਸਹਾਇਕ ਪ੍ਰੋਫੈਸਰ (ਫੂਡ ਪ੍ਰੋਸੈਸਿੰਗ ਅਤੇ ਇੰਜਨੀਅਰਿੰਗ) ਨੇ ਕਿਸਾਨ ਵੀਰਾਂ ਨੂੰ ਘਰੇਲੂ ਅਨਾਜ ਅਤੇ ਬੀਜਾਂ ਦੀ ਸਹੀ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਅਪੀਲ ਕੀਤੀ ਕਿ ਕਿਸਾਨ ਵੀਰ ਜਿੱਥੋਂ ਤੱਕ ਹੋ ਸਕੇ ਬੀਜ ਆਪ ਹੀ ਸੰਭਾਲ ਕੇ ਰੱਖਣ ਅਤੇ ਅਜਿਹਾ ਕਰਨ ਨਾਲ ਖੇਤੀ ਖਰਚਾ ਵੀ ਘਟਦਾ ਹੈ। ਇਸ ਦੌਰਾਨ ਖੇਤੀਬਾੜੀ ਵਿਕਾਸ ਅਫ਼ਸਰ ਸ਼੍ਰੀ ਗੌਰਵ ਜੈਨ ਨੇ ਵੀ ਆਪਣੇ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਸ਼੍ਰੀਮਤੀ ਪ੍ਰਭਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ, ਤਲਵੰਡੀ ਸਾਬੋ ਨੇ ਬਾਗਬਾਨੀ ਵਿਭਾਗ ਦੁਆਰਾ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰਪੂਰਵਕ ਦੱਸਿਆ ਅਤੇ ਕਿਸਾਨਾਂ ਨੂੰ ਬਾਗਬਾਨੀ ਅਤੇ ਸ਼ਬਜੀਆਂ ਦੀ ਕਾਸ਼ਤ ਸਬੰਧੀ ਪ੍ਰੇਰਿਤ ਕੀਤਾ।

# ਪੰਜਾਬ ਸਿੱਖਿਆ ਕ੍ਰਾਂਤੀ ਨਾਲ ਸਰਕਾਰੀ ਸਕੂਲਾਂ ਵਿੱਚ ਨਵਾਂ ਯੁੱਗ ਸ਼ੁਰੂ




**ਸ੍ਰੀ ਆਨੰਦਪੁਰ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਵਿਸਤ੍ਰਿਤ ਸੁਧਾਰਾਂ ਦੇ ਤਹਿਤ ਪੰਜਾਬ ਸਿੱਖਿਆ ਕ੍ਰਾਂਤੀ ਇੱਕ ਮੀਲ ਪੱਥਰ ਸਾਬਤ ਹੋ ਰਹੀ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਸੁਵਿਧਾਵਾਂ ਦਾ ਵਿਸਤਾਰ ਕੀਤਾ ਜਾ ਰਿਹਾ ਹੈ।

ਇਸ ਉਪਰਾਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉੱਚ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਸਮੇਂ ਦੀਆਂ ਲੋੜਾਂ ਦੇ ਅਨੁਕੂਲ ਤਿਆਰ ਕਰਨਾ ਹੈ, ਤਾਂ ਜੋ ਉਹ ਭਵਿੱਖ ਵਿੱਚ ਮੁਕਾਬਲੇਬਾਜ਼ੀ ਦੇ ਯੋਗ ਬਣ ਸਕਣ।

ਇਸੇ ਕੜੀ ਤਹਿਤ ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਨਾਨੋਵਾਲ ਵਿੱਚ ਆਧੁਨਿਕ ਕਲਾਸਰੂਮ ਦਾ ਉਦਘਾਟਨ ਡਾ.ਸੰਜੀਵ ਗੌਤਮ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਇਹ ਪਹਿਲ ਸਿੱਖਿਆ ਖੇਤਰ ਵਿੱਚ ਬੁਨਿਆਦੀ ਤਬਦੀਲੀ ਲਿਆ ਰਹੀ ਹੈ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਆਧੁਨਿਕ ਕਲਾਸਰੂਮਾਂ ਰਾਹੀਂ ਵਿਦਿਆਰਥੀਆਂ ਨੂੰ ਸਮਾਰਟ ਬੋਰਡ, ਡਿਜੀਟਲ ਸਮੱਗਰੀ ਅਤੇ ਨਵੀਂ ਤਕਨਾਲੋਜੀ ਨਾਲ ਜੋੜਿਆ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦੇ ਸਿੱਖਣ ਦੇ ਢੰਗ ਵਿੱਚ ਸੁਧਾਰ ਆਵੇਗਾ ਅਤੇ ਉਹ ਹੋਰ ਜ਼ਿਆਦਾ ਰੁਚੀ ਨਾਲ ਪੜ੍ਹਾਈ ਕਰ ਸਕਣਗੇ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਤਕਨਾਲੋਜੀ ਅਧਾਰਿਤ ਸਿੱਖਿਆ ਨਾਲ ਬੱਚਿਆਂ ਦੀ ਸਮਝ ਵਧੇਗੀ ਅਤੇ ਉਹ ਵਿਗਿਆਨਕ ਸੋਚ ਨੂੰ ਅਪਣਾਉਣਗੇ। ਇਸ ਨਾਲ ਉਹ ਭਵਿੱਖ ਦੀਆਂ ਚੁਣੌਤੀਆਂ ਦਾ ਸਮਰਥ ਤਰੀਕੇ ਨਾਲ ਸਾਹਮਣਾ ਕਰਨ ਲਈ ਤਿਆਰ ਹੋਣਗੇ ਅਤੇ ਸਮਾਜ ਵਿੱਚ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾ ਸਕਣਗੇ।

# ਖੇਤੀਬਾੜੀ ਵਿਭਾਗ ਨੇ ਪਿੰਡ ਮਾਣਕਪੁਰਾ ਵਿਖੇ ਲਗਾਇਆ ਕਿਸਾਨ ਸਿਖਲਾਈ ਕੈਂਪ



**ਤਰਨਤਾਰਨ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫ਼ਸਰ ਤਰਨ ਤਰਨ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੱਟੀ ਦੁਆਰਾ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ, ਮਿੱਟੀ ਪਰਖ ਅਤੇ ਵੱਖ-ਵੱਖ ਸਕੀਮਾਂ ਤਹਿਤ ਦਿੱਤੀ ਜਾ ਰਹੀ ਸਹਾਇਤਾ ਸਬੰਧੀ ਜਾਗਰੂਕ ਕਰਨ ਹਿੱਤ ਕਿਸਾਨ ਸਿਖਲਾਈ ਕੈਂਪ ਅਤੇ ਮਿੱਟੀ ਦੇ ਨਮੂਨੇ ਸਬੰਧੀ ਖੇਤ ਪ੍ਰਦਰਸ਼ਨੀ ਦਾ ਆਯੋਜਨ ਪਿੰਡ ਮਾਣਕਪੁਰਾ ਵਿਖੇ ਕੀਤਾ ਗਿਆ। ਇਸ ਮੌਕੇ ਬਲਾਕ ਖੇਤੀਬਾੜੀ ਅਫ਼ਸਰ ਪੱਟੀ ਡਾ. ਭੁਪਿੰਦਰ ਸਿੰਘ, ਡਾ. ਹਰਮਨਦੀਪ ਕੌਰ ਏ.ਡੀ.ਓ, ਡਾ. ਪਰਮਿੰਦਰ ਕੌਰ ਏ.ਡੀ.ਓ, ਕੇ.ਵੀ.ਕੇ ਬੂਹ ਦੇ ਮਾਹਿਰ ਡਾ. ਨਵਜੋਤ ਸਿੰਘ ਬਰਾੜ , ਡਾ. ਪ੍ਰਭਜਿੰਦਰ ਸਿੰਘ ਮਾਨ ਅਤੇ ਭਾਰਤ ਮੱਕੀ ਖੋਜ ਇੰਸਟੀਚਿਊਟ, ਲੁਧਿਆਣਾ ਦੇ ਵਿਗਿਆਨੀ ਡਾ. ਪ੍ਰਦੀਪ ਕੁਮਾਰ, ਡਾ. ਰੋਮਿਨ ਸ਼ਰਮਾ, ਡਾ. ਪ੍ਰਕਾਸ਼ ਨੇ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ, ਮੱਕੀ ਦੀ ਸੁਚੱਜੀ ਕਾਸ਼ਤ, ਪਸ਼ੂ ਪਾਲਣ ਅਤੇ ਮਿੱਟੀ ਪਰਖ ਦੀ ਮਹੱਤਤਾ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ, ਪੱਟੀ ਨੇ ਕਿਹਾ ਕਿ ਗੈਰ ਕੁਦਰਤੀ ਢੰਗਾਂ ਨਾਲ ਕੀਤੀ ਖੇਤੀ ਕਾਰਨ ਮਿੱਟੀ ਦਾ ਉਪਜਾਊਪਣ ਘੱਟ ਜਾਂਦਾ ਹੈ, ਜਿਸ ਨਾਲ ਖਾਦਾਂ ਦੀ ਖ਼ਪਤ ਵੱਧ ਜਾਂਦੀ ਹੈ। ਇਸ ਵਰਤਾਰੇ ਨੂੰ ਰੋਕਣ ਲਈ ਸਾਨੂੰ ਅਜਿਹੇ ਢੰਗ-ਤਰੀਕੇ ਅਪਣਾਉਣੇ ਚਾਹੀਦੇ ਹਨ, ਜਿਸ ਨਾਲ ਕੁਦਰਤੀ ਸੋਮੇ- ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ-ਸੁਵੰਨਤਾ ਦੀ ਸਲਾਮਤੀ ਬਣੀ ਰਹੇ।

ਇਸ ਮੌਕੇ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਸੂਝਵਾਨ ਕਿਸਾਨ ਮਨਦੀਪ ਸਿੰਘ ਨੇ ਦੱਸਿਆ ਕਿ ਰਵਾਇਤੀ ਕੱਦੂ ਤਕਨੀਕ ਦੇ ਮੁਕਾਬਲੇ ਸਿੱਧੀ ਬਿਜਾਈ ਵਧੀਆ ਅਤੇ ਸੌਖੀ ਤਕਨੀਕ ਹੈ। ਇਸ ਤਕਨੀਕ ਨਾਲ ਮਜ਼ਦੂਰੀ ਦੀ ਬੱਚਤ ਤੋਂ ਇਲਾਵਾ ਫ਼ਸਲ ਨੂੰ ਘੱਟ ਬਿਮਾਰੀ ਲੱਗਦੀ ਹੈ। ਇਸ ਦੌਰਾਨ ਮਾਹਿਰਾਂ ਨੇ ਸਿੱਧੀ ਬਿਜਾਈ ਤੋਂ ਚੰਗੇ ਨਤੀਜੇ ਲੈਣ ਲਈ ਤਕਨੀਕੀ ਨੁਕਤੇ ਸਾਂਝੇ ਕਰਦਿਆਂ ਜਾਣਕਾਰੀ ਦਿੱਤੀ ਕਿ ਝੋਨੇ ਦੀ ਸਿੱਧੀ ਬਿਜਾਈ ਦਾ ਜੂਨ ਦੇ ਪਹਿਲੇ ਪੰਦਰਵਾੜੇ ਤੱਕ ਢੁਕਵਾਂ ਸਮਾਂ ਹੈ ?। ਬੀਜ ਨੂੰ ਪੋਟਾਸ਼ੀਅਮ ਨਾਈਟ੍ਰੇਟ ਅਤੇ ਸਪਰਿੰਟ ਦਵਾਈ ਨਾਲ ਸੋਧ ਲੈਣ ਉਪਰੰਤ ਬੀਜ ਅਤੇ ਮਿੱਟੀ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਨਦੀਨਾਂ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਤਰ ਵੱਤਰ ਖੇਤਾਂ ਵਿੱਚ ਬਿਜਾਈ ਸਮੇਂ ਅਤੇ ਸੁੱਕੇ ਖੇਤਾਂ ਵਿੱਚ ਪਾਣੀ ਲਾਉਣ ਤੋਂ ਬਾਅਦ ਪੈਂਡੀਮੈਥਾਲੀਨ 30 ਈਸੀ ਜਾਂ ਪੇਪੇ 25 ਐਸਈ ਦਾ ਛਿੜਕਾਅ ਕਰਨ ਨਾਲ ਫ਼ਸਲ ਮੁੱਢਲੇ ਦਿਨਾਂ ਵਿੱਚ ਨਦੀਨ ਰਹਿਤ ਰਹਿੰਦੀ ਹੈ। ਖੜੀ ਫ਼ਸਲ ਵਿੱਚ ਜੇ ਨਦੀਨਾਂ ਦੀ ਸਮੱਸਿਆ ਆਉਂਦੀ ਹੈ ਤਾਂ ਨਦੀਨ ਨਾਸ਼ਕਾਂ ਦੀ ਚੋਣ ਖੇਤ ਵਿੱਚ ਉੱਗੇ ਨਦੀਨਾਂ ਦੀ ਕਿਸਮ ਦੇ ਆਧਾਰ @ਤੇ ਮਾਹਿਰਾਂ ਦੀ ਸਲਾਹ ਨਾਲ ਕੀਤੀ ਜਾਵੇ ਅਤੇ ਛਿੜਕਾਅ ਸਮੇਂ ਨਦੀਨ ਦੋ ਤਿੰਨ ਪੱਤਿਆਂ ਦੀ ਅਵਸਥਾ ਤੋਂ ਵੱਡੇ ਨਾ ਹੋਣ। ਇਸ ਮੌਕੇ ਜਾਣਕਾਰੀ ਦਿੱਤੀ ਗਈ ਕਿ ਜੇਕਰ ਕੋਈ ਕਿਸਾਨ ਝੋਨੇ ਦੇ ਬਜਾਏ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਦਾ ਹੈ ਤਾਂ ਪ੍ਰਤੀ ਏਕੜ 7 ਹਜ਼ਾਰ ਰੁਪਏ ਅਤੇ ਜੇਕਰ ਕੋਈ ਕਿਸਾਨ ਰਵਾਇਤੀ ਤਕਨੀਕ ਦੀ ਬਜਾਏ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਕਰੇਗਾ ਤਾਂ ਉਸ ਨੂੰ ਪ੍ਰਤੀ ਏਕੜ 1500 ਰੁਪਏ ਪ੍ਰੋਤਸਾਹਨ ਰਾਸ਼ੀ ਮਿਲੇਗੀ।

ਇਸ ਦੌਰਾਨ ਖ਼ਾਦਾਂ ਦੀ ਵਰਤੋਂ ਮਿੱਟੀ ਪਰਖ ਅਨੁਸਾਰ ਕਰਨ ਦੀ ਸਲਾਹ ਦਿੰਦੇ ਦੱਸਿਆਂ ਕਿ ਜੇਕਰ ਕਣਕ ਨੂੰ ਸਿਫਾਰਿਸ਼ ਕੀਤੀ ਫਾਸਫੋਰਸ ਦੀ ਖ਼ਾਦ ਪਾਈ ਹੋਵੇ ਤਾਂ ਝੋਨੇ ਨੂੰ ਫਾਸਫੋਰਸ ਖ਼ਾਦ ਪਾਉਣ ਦੀ ਲੋੜ ਨਹੀਂ। ਇਸ ਮੌਕੇ ਵਿਭਾਗ ਨੇ ਮਹਿਕਮੇ ਦੁਆਰਾ ਸਬਸਿਡੀ @ਤੇ ਦਿੱਤੀ ਜਾ ਰਹੀ ਜਿਪਸਮ ਅਤੇ ਭਵਿੱਖ ਵਿੱਚ ਮਿਲਣ ਵਾਲੀਆਂ ਸਹੂਲਤਾਂ ਲਈ ਕਿਸਾਨ ਆਈ.ਡੀ ਬਣਾਉਣ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਦਰਬਾਰਾ ਸਿੰਘ, ਗੁਰਦੇਵ ਸਿੰਘ ਏ.ਟੀ.ਐਮ, ਨਿਸ਼ਾਨ ਸਿੰਘ ਖੇਤੀ ਉਪ ਨਿਰੀਖਕ, ਫਤਿਹ ਸਿੰਘ ਫੀਲਡ ਵਰਕਰ, ਦਿਲਬਾਗ ਸਿੰਘ ਫੀਲਡ ਵਰਕਰ, ਬਲਜੀਤ ਕੌਰ ਫੀਲਡ ਵਰਕਰ ਅਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

# ਚੇਅਰਮੈਨ ਜੋਬਨ ਰੰਧਾਵਾ ਵਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪ੍ਰਤਾਪਗੜ੍ਹ ਵਿਖੇ ਨਵੇਂ ਬਣੇ ਕਮਰੇ ਦਾ ਉਦਘਾਟਨ




**ਬਟਾਲਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰੀ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਤੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਦੇ ਤਹਿਤ ਸਕੂਲਾਂ ਵੱਡੇ ਪੱਧਰ ਤੇ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ ਤਾਂ ਜੋ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਈ ਜਾ ਸਕੇ।

ਇਸੇ ਲੜੀ ਦੇ ਤਹਿਤ ਅੱਜ ਸ਼੍ਰੀ ਜੋਬਨ ਰੰਧਾਵਾ, ਚੇਅਰਮੈਨ ਯੋਜਨਾ ਬੋਰਡ ਗੁਰਦਾਸਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪ੍ਰਤਾਪਗੜ੍ਹ ਬਲਾਕ, ਬਟਾਲਾ-2 ਵਿਖੇ ਨਵੇਂ ਬਣੇ ਕਮਰੇ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਜੋਬਨ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਗੁਣਾਤਮਕ ਸਿੱਖਿਆ ਦੇਣ ਲਈ ਵਚਨਬੱਧ ਹੈ ਅਤੇ ਪਿਛਲੇ ਸਰਕਾਰ ਦੇ 04 ਸਾਲ ਦੇ ਕਾਰਜਕਾਲ ਦੌਰਾਨ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ ਅਤੇ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ। ਜਿੱਥੋਂ ਵਿਦਿਆਰਥੀਆਂ ਵੱਲੋਂ ਵਿੱਦਿਆ ਹਾਸਲ ਕਰਕੇ ਨੀਟ ਵਰਗੇ ਇਮਤਿਹਾਨ ਪਾਸ ਕੀਤੇ ਹਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਇੰਚਾਰਜ ਸ਼੍ਰੀਮਤੀ ਹਰਿੰਦਰ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਪਰਮਜੀਤ ਦੀ ਅਗਵਾਈ ਹੇਠ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਟਾਲਾ 2 ਲਖਵਿੰਦਰ ਸਿੱਖਿਆ ਸੇਖੋਂ ਦੇ ਸਹਿਯੋਗ ਨਾਲ ਸਕੂਲ ਵਿਖੇ ਕਰਵਾਏ ਸਾਦੇ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਚੇਅਰਮੈਨ ਜੋਬਨ ਰੰਧਾਵਾ ਵੱਲੋਂ ਨਵੇਂ ਬਣੇ ਕਮਰੇ ਦਾ ਉਦਘਾਟਨ ਕੀਤਾ ਗਿਆ ਹੈ।

ਇਸ ਮੌਕੇ ਅਮਰੀਕ ਸਿੰਘ, ਬੀ.ਐਨ.ਓ. ਮਨਪ੍ਰੀਤ ਸਿੰਘ, ਕੁਲਜਿੰਦਰ ਸਿੰਘ ਰਿਆੜ, ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ, ਸਟਾਫ ਪਰਮਜੀਤ ਕੌਰ ਲਖਬੀਰ ਕੌਰ, ਤਪਿੰਦਰ ਕੌਰ, ਸੂਚੀ ਗੁਪਤਾ ਸਰਪੰਚ ਲਖਬੀਰ ਸਿੰਘ ਸਮੇਤ ਪੰਚਾਇਤ ਮੈਂਬਰ ਹਾਜਰ ਸਨ।

# ਪੱਛੜੀਆਂ ਸ਼੍ਰੇਣੀਆਂ ਨੂੰ ਭਲਾਈ ਸਕੀਮਾਂ ਦਾ ਬਣਦਾ ਲਾਭ ਦੇਣਾ ਯਕੀਨੀ ਬਣਾਇਆ ਜਾਵੇ : ਚੇਅਰਮੈਨ ਮਲਕੀਤ ਸਿੰਘ ਥਿੰਦ




**ਗੁਰਦਾਸਪੁਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਮਲਕੀਤ ਸਿੰਘ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਅਧਿਕਾਰੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਅਤੇ ਉਹਨਾ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਜਾਇਜ਼ਾ ਲਿਆ।

ਚੇਅਰਮੈਨ ਸ਼੍ਰੀ ਮਲਕੀਤ ਸਿੰਘ ਥਿੰਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵੱਖ ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਸਕੀਮਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਵਿਭਾਗੀ ਪੱਧਰ ਤੇ ਵਧੇਰੇ ਜਾਗਰੂਕਤਾ ਕੈਂਪ ਲਗਾਏ ਜਾਣਾ ਸਮੇਂ ਦੀ ਅਹਿਮ ਲੋੜ ਹੈ।

ਉਨ੍ਹਾਂ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨੂੰ ਭਲਾਈ ਯੋਜਨਾਵਾਂ ਦਾ ਬਣਦਾ ਲਾਭ ਦੇਣ ਵਿੱਚ ਢਿੱਲਮੱਠ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਭਲਾਈ ਯੋਜਨਾਵਾਂ ਲਈ ਜਨ ਜਾਗਰੂਕਤਾ ਕੀਤੀ ਜਾਵੇ ਤੇ ਲੋੜ ਪੈਣ ਤੇ ਵਿਸ਼ੇਸ਼ ਕੈਂਪ ਵੀ ਲਏ ਜਾਣ।

ਉਨ੍ਹਾਂ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨੂੰ ਜਾਰੀ ਕੀਤੇ ਜਾਂਦੇ ਜਾਤੀ ਸਰਟੀਫਿਕੇਟਾਂ @ਚ ਵੀ ਲੋਕਾਂ ਨੂੰ ਕੋਈ ਮੁਸ਼ਕਿਲ ਨਾ ਆਉਣ ਦਿੱਤੀ ਜਾਵੇ।

ਮੀਟਿੰਗ ਦੌਰਾਨ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਸਵੈ ਸੇਵੀ ਗਰੁੱਪਾਂ ਨੂੰ ਦਿੱਤੀ ਜਾਂਦੀ ਸਹਾਇਤਾ, ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ), ਸਹਿਕਾਰਤਾ, ਸਮਾਜਿਕ ਨਿਆਂ ਤੇ ਅਧਿਕਾਰਤਾ, ਸਿੱਖਿਆ, ਸਮਾਜਿਕ ਸੁਰੱਖਿਆ, ਜ਼ਿਲ੍ਹਾ ਪ੍ਰੋਗਰਾਮ ਅਫਸਰ, ਬੀ.ਸੀ ਕਾਰਪੋਰੇਸ਼ਨ, ਲੇਬਰ, ਖੇਤੀਬਾੜੀ ਆਦਿ ਵਿਭਾਗਾਂ ਵੱਲੋਂ ਪੱਛੜੀਆਂ ਸ਼੍ਰੇਣੀਆਂ ਵਰਗਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਬੀਤੇ ਇੱਕ ਵਰ੍ਹੇ ਅੰਦਰ ਦਿੱਤੀਆਂ ਸਹੂਲਤਾਂ ਦੀ ਸਮੀਖਿਆ ਕੀਤੀ।

ਉਨ੍ਹਾਂ ਨੇ ਬੱਚਿਆਂ, ਮਹਿਲਾਵਾਂ, ਬਜ਼ੁਰਗਾਂ ਸਮੇਤ ਵੱਖ ਵੱਖ ਉਮਰ ਵਰਗ ਦੇ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਸਕੀਮਾਂ ਦੇ ਵਿਭਾਗੀ ਪੱਧਰ ਉਤੇ ਦਿੱਤੇ ਜਾ ਰਹੇ ਲਾਭਾਂ ਬਾਰੇ ਵੀ ਵਿਸਤ੍ਰਿਤ ਸਮੀਖਿਆ ਕੀਤੀ ਅਤੇ ਸਪੱਸ਼ਟ ਹਦਾਇਤ ਕੀਤੀ ਕਿ ਪੱਛੜੀਆਂ ਸ੍ਰੇਣੀਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਇਕਜੁੱਟ ਹੋ ਕੇ ਯਤਨ ਕੀਤੇ ਜਾਣ।

ਮੀਟਿੰਗ ਦੌਰਾਨ ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਵਲੋਂ ਚੇਅਰਮੈਨ ਸ਼੍ਰੀ ਮਲਕੀਤ ਸਿੰਘ ਥਿੰਦ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਭਲਾਈ ਯੋਜਨਾਵਾਂ ਦਾ ਲਾਭ ਦੇਣ ਲਈ ਵਚਨਬੱਧ ਹੈ ਅਤੇ ਯੋਜਨਾਵਾਂ ਦਾ ਲਾਭ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

ਇਸ ਤੋਂ ਪਹਿਲਾਂ ਚੇਅਰਮੈਨ ਥਿੰਦ ਨੇ ਪੱਛੜੀਆਂ ਸ਼੍ਰੇਣੀਆਂ ਭਲਾਈ ਜਥੇਬੰਦੀਆਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ @ਤੇ ਵਿਚਾਰ ਵਟਾਂਦਾਰਾ ਕੀਤਾ ਅਤੇ ਉਹਨਾ ਦੱਸਿਆ ਕੀ ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਲਈ ਬਹੁਤ ਚੰਗਾ ਕੰਮ ਕਰ ਰਹੀ ਹੈ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਸਾਰੀ ਮੁਸ਼ਕਿਲਾਂ ਦਾ ਹੱਲ ਕਰਨ ਲਈ ਵਚਨਬੱਧ ਹੈ। ਉਹਨਾਂ ਨੇ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਜਿਨ੍ਹਿਆਂ ਵੀ ਜਥੇਬੰਦੀਆਂ ਜ਼ਿਲਾ ਗੁਰਦਾਸਪੁਰ ਵਿੱਚ ਹਨ, ਉਹ ਲੋਕਾਂ ਦੀ ਮੁਸ਼ਕਿਲਾਂ ਅਤੇ ਮੰਗਾਂ ਸਬੰਧੀ ਮੰਗ ਪੱਤਰ ਮੈਨੂੰ ਭੇਜਣ, ਤਾਂ ਜੋ ਮੁਸ਼ਕਿਲਾਂ ਦਾ ਹੱਲ ਕੀਤਾ ਦਾ ਸਕੇ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਵਲੋਂ ਚੇਅਰਮੈਨ ਮਲਕੀਤ ਸਿੰਘ ਥਿੰਦ ਦਾ ਗੁਰਦਾਸਪੁਰ ਵਿਖੇ ਪਹੁੰਚਣ @ਤੇ ਨਿੱਘਾ ਸਵਾਗਤ ਕੀਤਾ।ਮੀਟਿੰਗ ਦੌਰਾਨ ਜ਼ਿਲ੍ਹਾ ਸਕੱਤਰ ਜਗਜੀਤ ਸਿੰਘ ਪਿੰਟਾ, ਘੱਟ ਗਿਣਤੀ ਵਿੰਗ ਗੁਰਦਾਸਪੁਰ ਦੇ ਮੀਤ ਪ੍ਰਧਾਨ ਪੀਟਰ ਮੱਟੂ, ਬਲਜੀਤ ਸਿੰਘ ਫੌਜੀ ਸੋਸ਼ਲ ਮੀਡੀਆ ਵਾਈਸ ਕੋਆਰਡੀਨੇਟਰ ਹਲਕਾ ਦੀਨਾਨਗਰ, ਰਮੇਸ਼ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ,ਪਵਨ ਕਮਾਰ ਜੁਆਇੰਟ ਸਕੱਤਰ, ਹਰਜਿੰਦਰ ਸਿੰਘ ਬਲਾਕ ਪ੍ਰਧਾਨ ਓ.ਬੀ.ਸੀ ਵਿੰਗ ਗੁਰਦਾਸਪੁਰ,ਅੰਗਰੇਜ਼ ਸਿੰਘ ਬਲਾਕ ਪ੍ਰਧਾਨ ਓ.ਬੀ.ਸੀ ਵਿੰਗ ਦੀਨਾਨਗਰ, ਜਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਸੁਖਵਿੰਦਰ ਸਿੰਘ ਘੁੰਮਣ, ਨਵਨੀਤ ਕੌਰ ਡੀ.ਐਫ.ਐਸ.ਓ ਗੁਰਦਾਸਪੁਰ, ਰਮਨਦੀਪ ਸਿੰਘ ਐਸ.ਪੀ. ਬਟਾਲਾ, ਡੀ.ਐਸ.ਪੀ. ਸੀਮਾ, ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਇੰਸਪੈਕਟਰ ਲਵਪ੍ਰੀ ਸਿੰਘ, ਡੀ.ਐਸ.ਐਸ.ਓ ਗੁਰਦਾਸਪੁਰ ਡਾ. ਕਿਰਤਪ੍ਰੀਤ ਕੌਰ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੰਤੁਲਿਤ ਖਾਦ ਦੀ ਵਰਤੋਂ ਬਾਰੇ ਜਾਗਰੂਕਤਾ ਮੁਹਿੰਮ

**ਫਾਜ਼ਿਲਕਾ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਖੁੱਬਣ ਵਿੱਚ, ਆਈਸੀਏਆਰ-ਸੀਫੈਟ ਖੇਤਰੀ ਕੇਂਦਰ, ਅਬੋਹਰ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਫਾਜ਼ਿਲਕਾ ਨੇ ਸਾਉਣੀ 2026 ਮੁਹਿੰਮ ਦੇ ਤਹਿਤ ਕਿਸਾਨਾਂ ਲਈ ਸੰਤੁਲਿਤ ਖਾਦ ਦੀ ਵਰਤੋਂ ਬਾਰੇ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਡਾ. ਰੁਪਿੰਦਰ ਕੌਰ ਨੇ ਕਿਸਾਨਾਂ ਨੂੰ ਸੰਤੁਲਿਤ ਖਾਦ ਦੀ ਵਰਤੋਂ ਕਰਕੇ ਪੌਸ਼ਟਿਕ ਬਾਗ ਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ।

ਜ਼ਿਲ੍ਹਾ ਵਿਸਥਾਰ ਵਿਸ਼ਾ ਮਾਹਿਰ (ਮਿੱਟੀ ਵਿਗਿਆਨ), ਡਾ. ਪ੍ਰਕਾਸ਼ ਚੰਦ ਗੁਰਜਰ ਨੇ ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਵਿਗਿਆਨਕ ਢੰਗ ਅਤੇ ਸੰਤੁਲਿਤ ਖਾਦ ਦੀ ਵਰਤੋਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।

# ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਬਹੁਤ ਫਾਇਦੇਮੰਦ ਹੈ : ਡਾ. ਜੀ ਐਸ ਭਿੰਡਰ



**ਸੰਦੌੜ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਮਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਜੀਵ ਬੈਂਸ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐਸ ਭਿੰਡਰ ਦੀ ਅਗਵਾਈ ਵਿਚ ਬਲਾਕ ਫਤਿਹਗੜ੍ਹ ਪੰਜਗਰਾਈਆਂ ਵਿੱਚ ਆਉਂਦੀਆਂ ਸਿਹਤ ਸੰਸਥਾਵਾਂ ਤੇ 24 ਤੋਂ 30 ਅਪ੍ਰੈਲ ਤੱਕ ਵਿਸ਼ੇਸ਼ ਟੀਕਾਕਰਨ ਹਫਤਾ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਬੀ ਈ ਈ ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਵਿਸ਼ੇਸ਼ ਕੈਂਪ ਲਗਾਏ ਜਾਣਗੇ, ਜਿਸ ਵਿੱਚ ਪ੍ਰਵਾਸੀ ਮਜ਼ਦੂਰਾਂ ਅਤੇ ਝੁੱਗੀ ਝੋਪੜੀ ਵਿੱਚ ਰਹਿਣ ਵਾਲੇ ਬੱਚਿਆਂ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਤਾਂ ਜੋ ਕੋਈ ਬੱਚਾ ਅਤੇ ਗਰਭਵਤੀ ਔਰਤ ਟੀਕਿਆਂ ਤੋਂ ਵਾਂਝਾ ਨਾ ਰਹੇ। ਇਸ ਦੇ ਨਾਲ ਹੀ ਇਸ ਸਬੰਧੀ ਸਿਹਤ ਵਿਭਾਗ ਵਲੋਂ ਜਾਗਰੂਕਤਾ ਗਤੀਵੀਧੀਆਂ ਚਲਾਈਆਂ ਜਾ ਰਹੀਆਂ ਹਨ। ਇਸ ਮੌਕੇ ਬੋਲਦਿਆਂ ਐਸ ਐਮ ਓ ਡਾ. ਜੀ ਐਸ ਭਿੰਡਰ ਨੇ ਦੱਸਿਆ ਕਿ ਇਸ ਹਫਤੇ ਦਾ ਮੁੱਖ ਉਦੇਸ਼ ਲੋਕਾਂ ਨੂੰ ਟੀਕਾਕਰਨ ਦੀ ਮਹਤੱਤਾ ਪ੍ਰਤੀ ਜਾਗਰੂਕ ਕਰਨਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹਨਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ ਅਤੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕੇ ਲਗਵਾਏ ਜਾਣ ਤਾਂ ਜੋ ਗੰਭੀਰ ਬੀਮਾਰੀਆਂ ਤੋਂ ਬਚਿਆ ਜਾ ਸਕੇ। ਉਹਨਾਂ ਕਿਹਾ ਕਿ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਕੀਤਾ ਜਾਂਦਾ ਜਰੂਰੀ ਟੀਕਾਕਰਨ ਬਹੁਤ ਜਰੂਰੀ ਤੇ ਲਾਹੇਵੰਦ ਹੁੰਦਾ ਹੈ,ਇਸ ਮੌਕੇ ਉਹਨਾਂ ਨਾਲ ਰਾਜੇਸ਼ ਰਿਖੀ,ਹੈਲਥ ਸੁਪਰਵਾਈਜਰ ਫੀਮੇਲ ਬਲਵੀਰ ਕੌਰ,ਬਲਜੀਤ ਕੌਰ, ਅੰਮ੍ਰਿਤਪਾਲ ਕੌਰ, ਮਨਜੀਤ ਕੌਰ,ਬਲਜਿੰਦਰ ਕੌਰ, ਮਪਹਵ ਫੀਮੇਲ ਸੁਖਵਿੰਦਰ ਕੌਰ ਰੁੜਕਾ ਵੀ ਹਾਜ਼ਰ ਸਨ।

# ਲੋਕਾਂ ਨੂੰ ਜਨਗਣਨਾ 'ਚ ਸ਼ੁਮਾਰ ਹੋ ਕੇ ਮਰਦਮਸ਼ੁਮਾਰੀ ਨੂੰ ਕਾਮਯਾਬ ਬਣਾਉਣ ਦਾ ਸੱਦਾ



**ਹੁਸ਼ਿਆਰਪੁਰ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿਚ ਜਨਗਣਨਾ-2026-27 ਦੀ ਪ੍ਰਕਿਰਿਆ ਨੂੰ ਸ਼ੁਰੂ ਕਰਵਾਉਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਜਾਣਕਾਰੀ 'ਤੇ 14 ਮਈ ਤੱਕ ਆਨਲਾਈਨ ਭਰ ਸਕਦੇ ਹਨ ਜਿਸ ਨਾਲ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਉਨ੍ਹਾਂ ਲਈ ਬਹੁਤ ਸੁਖਾਲੀ ਹੋ ਜਾਵੇਗੀ। ਜਨਗਣਨਾ ਦੀ ਸ਼ੁਰੂਆਤ ਮੌਕੇ ਆਪਣੀ ਰਜਿਸਟਰੇਸ਼ਨ ਕਰਵਾਉਂਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਜਨਗਣਨਾ ਵਿਚ ਲੋਕਾਂ ਦੀ ਭਰਵੀਂ ਹਿੱਸੇਦਾਰੀ ਬਹੁਤ ਲਾਜ਼ਮੀ ਹੈ ਜਿਸ ਲਈ ਸਾਰਿਆਂ ਨੂੰ ਇਸ ਪ੍ਰਕਿਰਿਆ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 14 ਮਈ ਤੱਕ ਜ਼ਿਲ੍ਹਾ ਵਾਸੀ ਆਪਣੀ ਜਾਣਕਾਰੀ ਆਨਲਾਈਨ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਪਰਿਵਾਰ ਆਪਣੀ ਜਾਣਕਾਰੀ ਆਨਲਾਈਨ ਨਹੀਂ ਸਾਂਝੀ ਕਰ ਸਕਦਾ ਤਾਂ ਉਹ 15 ਮਈ ਤੋਂ ਘਰ-ਘਰ ਆ ਕੇ ਸਰਵੇਖਣ ਕਰਨ ਵਾਲੇ ਗਿਣਤੀਕਾਰਾਂ ਰਾਹੀਂ ਆਪਣੇ ਪਰਿਵਾਰਾਂ ਦੀ ਜਾਣਕਾਰੀ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ ਬਹੁਤ ਹੀ ਸੁਖਾਲੀ ਅਤੇ ਸੌਖੇ ਹੀ ਸਮਝ ਆ ਜਾਣ ਵਾਲੀ ਹੈ ਜਿਸ ਨੂੰ ਲੋਕਾਂ ਵਲੋਂ ਆਸਾਨੀ ਨਾਲ ਆਨਲਾਈਨ ਮੁਕੰਮਲ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਉਪਰੰਤ ਫਰਵਰੀ 2027 ਵਿਚ ਇਕ ਵਿਸਥਾਰ ਸਰਵੇਖਣ ਵੀ ਕੀਤਾ ਜਾਵੇਗਾ, ਜਿਨ੍ਹਾਂ ਪਰਿਵਾਰਾਂ ਨੇ ਪਹਿਲਾਂ ਹੀ ਆਨਲਾਈਨ ਸਵੈ-ਗਣਨਾ ਕਰ ਲਈ ਹੋਵੇਗੀ, ਉਹ ਗਿਣਤੀਕਾਰ ਨੂੰ ਸਿਰਫ਼ ਆਪਣੀ ਸਵੈ-ਗਣਨਾ ਵਾਲੀ ਆਈ.ਡੀ. ਦਿਖਾ ਕੇ ਪ੍ਰਕਿਰਿਆ ਨੂੰ ਆਸਾਨ ਬਣਾ ਸਕਦੇ ਹਨ।

# ਪੰਜਾਬ ਦੇ ਨੌਜਵਾਨਾਂ ਦਾ ਰੁੱਖ ਖੇਡ ਮੈਦਾਨਾਂ ਵੱਲ ਲਿਆਉਣ ਵਿੱਚ ਸਫਲ ਹੋਈ ਪੰਜਾਬ ਸਰਕਾਰ : ਹਰਜੋਤ ਬੈਂਸ

**ਸ੍ਰੀ ਆਨੰਦਪੁਰ ਸਾਹਿਬ, 3 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਸਫਲ ਸਾਬਤ ਹੋ ਰਹੇ ਹਨ। ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡ ਮੈਦਾਨਾਂ ਨਾਲ ਜੋੜਨ ਦਾ ਟੀਚਾ ਨਿਰਧਾਰਤ ਕੀਤਾ ਸੀ, ਜਿਸ ਵਿੱਚ ਵੱਡੀ ਕਾਮਯਾਬੀ ਮਿਲੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਅਨੁਸ਼ਾਸਨ ਅਤੇ ਟੀਮ ਏਕਤਾਂ ਨੂੰ ਵੀ ਮਜ਼ਬੂਤ ਕਰਦੀਆਂ ਹਨ।ਉਨ੍ਹਾਂ ਦੱਸਿਆ ਕਿ ਅਨੰਦਪੁਰ ਸਾਹਿਬ ਪ੍ਰੀਮੀਅਰ ਲੀਗ ਵਿੱਚ ਹਰ ਰੋਜ਼ ਹਜ਼ਾਰਾਂ ਖਿਡਾਰੀ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਇਹ ਲੀਗ ਇਲਾਕੇ ਵਿੱਚ ਖੇਡ ਸੰਸਕ੍ਰਿਤੀ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਨੌਜਵਾਨਾਂ ਲਈ ਇਕ ਵਧੀਆ ਮੰਚ ਸਾਬਤ ਹੋ ਰਹੀ ਹੈ। ਖੇਡ ਮੈਦਾਨਾਂ ਵਿੱਚ ਵੱਧਦਾ ਰੁਝਾਨ ਇਹ ਸਾਬਤ ਕਰਦਾ ਹੈ ਕਿ ਨੌਜਵਾਨ ਹੁਣ ਸਹੀ ਦਿਸ਼ਾ ਵੱਲ ਵਧ ਰਹੇ ਹਨ ਅਤੇ ਖੇਡਾਂ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਰਹੇ ਹਨ।

ਅੱਜ ਬੀ.ਬੀ.ਐਮ.ਬੀ ਕ੍ਰਿਕਟ ਗਰਾਂਊਡ ਵਿਖੇ ਅੱਜ ਨਾਨਗਰਾਂ ਇਲੈਵਨ ਵਿਰੁੱਧ ਪੀ. ਜੀ. ਕਿੰਗਜ਼ ਨੰਗਲ, ਖੇੜਾ ਕਿੰਗਜ਼ ਵਿਰੁੱਧ ਬ੍ਰਹਮਪੁਰ ਰੌਇਲ ਫਾਰਮੇਸ, ਛੋਟੇਵਾਲ ਵਾਰਿਅਰਜ਼ ਵਿਰੁੱਧ ਅਜੌਲੀ ਪੈਂਥਰਜ਼, ਪ੍ਰੀਲਿਅਮ ਨੰਬਰ 4 ਦੇ ਜੇਤੂ ਵਿਰੁੱਧ ਨੰਗਲ ਰਾਜਨਗਰ ਰੌਇਲਜ਼, ਸਵਾਮੀਪੁਰ ਕਿੰਗਜ਼ ਵਿਰੁੱਧ ਨੰਗਲ ਸਟ੍ਰਾਈਬਰਜ਼, ਕਿੰਗਜ਼ ਐਕਸਆਈ ਪੱਟੀ ਵਿਰੁੱਧ ਬ੍ਰਹਮਪੁਰ ਕਿੰਗਜ਼, ਬੇਲਾ ਧਿਆਨੀ ਲੋਅਰ ਕਿੰਗਜ਼ ਵਿਰੁੱਧ ਤਾਸ਼ਨ ਟਾਈਟਨਜ਼, ਤਲਵਾੜਾ ਇਲੈਵਨ ਵਿਰੁੱਧ ਸੁਖਸਾਲ ਮਹਾਦੇਵ ਸਪੋਰਟਸ ਕਲੱਬ, ਸਿੰਘਪੁਰ ਵਾਰਿਅਰਜ਼ ਵਿਰੁੱਧ ਪ੍ਰੀਲਿਅਮ ਨੰਬਰ 1 ਦੇ ਜੇਤੂ, ਰੋਇਲ ਚੈਲੇਂਜਰਸ ਭਨਾਮ ਵਿਰੁੱਧ ਜੌਹਲ ਕਿੰਗਜ਼, ਰਾਏਪੁਰ ਅਵੈਂਜਰਸ ਵਿਰੁੱਧ ਮੈਦਾਮਾਜਰਾ 11 ਦੇ ਮੁਕਾਬਲੇ ਕਰਵਾਏ ਗਏ। ਇਸੇ ਤਰਾਂ ਚਰਨ ਗੰਗਾ ਸਟੈਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਜਾਰਾ ਰਿਵੇਂਜਰਜ਼ ਵਿਰੁੱਧ ਗੰਗੂਵਾਲ ਕਿੰਗਜ਼, ਖਮੇਰਾ ਥੰਡਰਜ਼ ਵਿਰੁੱਧ ਥਲੂਹ ਟਾਈਟਨ, ਅਗੰਮਪੁਰ ਈਗਲਜ਼ ਵਿਰੁੱਧ ਏਪੀਐਸ ਮਜਾਰਾ ਕਿੰਗਜ਼, ਪ੍ਰੀਲਿਅਮ ਨੰਬਰ 7 ਦੇ ਜੇਤੂ ਵਿਰੁੱਧ ਮਟੌਰ ਪੈਂਥਰਜ਼, ਪ੍ਰੀਲਿਅਮ ਨੰਬਰ 19 ਦੇ ਜੇਤੂ ਵਿਰੁੱਧ ਪ੍ਰੀਲਿਅਮ ਨੰਬਰ 17 ਦੇ ਜੇਤੂ, ਮਜਾਰਾ ਕਿੰਗਜ਼ ਵਿਰੁੱਧ ਪ੍ਰੀਲਿਅਮ ਨੰਬਰ 15 ਦੇ ਜੇਤੂ, ਪ੍ਰੀਲਿਅਮ ਨੰਬਰ 12 ਦੇ ਜੇਤੂ ਵਿਰੁੱਧ ਪ੍ਰੀਲਿਅਮ ਨੰਬਰ 13 ਦੇ ਜੇਤੂ, ਪ੍ਰੀਲਿਅਮ ਨੰਬਰ 14 ਦੇ ਜੇਤੂ ਵਿਰੁੱਧ ਪ੍ਰੀਲਿਅਮ ਨੰਬਰ 20 ਦੇ ਜੇਤੂ, ਖਾਲਸਾ ਵਾਰਿਅਰਜ਼ ਕਾਲਿੱਤਰਾਂ ਵਿਰੁੱਧ ਡੋਨਾਲ ਕਿੰਗਜ਼ ਦੇ ਮੁਕਾਬਲੇ ਹੋਏ। ਕਾਹੀਵਾਲ ਗਰਾਂਊਡ ਵਿਖੇ ਲਖੇੜ ਧਨੇਰਾ ਸਟ੍ਰਾਈਕਰ ਵਿਰੁੱਧ ਤਾਜਪੁਰ ਇਲੇਵਨ, ਨਮੋਹ ਲਾਇਅਨਜ਼ ਵਿਰੁੱਧ ਹਰੀਪੁਰ ਕਿੰਗਜ਼, ਗਲੇਡੀਏਟਰ ਮੀਆਂਪੁਰ ਐਕਸਆਈ ਵਿਰੁੱਧ ਕਾਹੀਵਾਲ ਟਾਈਗਰਜ਼, ਮੱਸੇਵਾਲ ਵਾਰੀਅਰਜ਼ ਵਿਰੁੱਧ ਭਾਲੋਵਾਲ ਵਾਰਿਅਰਜ਼, ਸ਼ਹੀਦ ਉਧਮ ਸਿੰਘ ਸਪੋਰਟਸ ਕਲੱਬ ਦੇਹਣੀ ਵਿਰੁੱਧ ਪ੍ਰੀਲਿਅਮ ਨੰਬਰ 2 ਦੇ ਜੇਤੂ, ਨੱਕੀਆਂ ਸੁਪਰ ਕਿੰਗਜ਼ ਵਿਰੁੱਧ ਕੀਰਤਪੁਰ ਵਾਰਿਅਰਜ਼ ਦੇ ਮੁਕਾਬਲੇ ਕਰਵਾਏ ਗਏਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਦੇ ਯਤਨਾਂ ਨਾਲ ਹਲਕੇ ਦੇ ਖੇਡ ਮੈਦਾਨਾਂ ਵਿੱਚ ਮੁੜ ਰੌਣਕਾਂ ਪਰਤੀਆਂ ਹਨ। ਪਹਿਲਾਂ ਸੁੰਨੇ ਪਏ ਮੈਦਾਨ ਹੁਣ ਖਿਡਾਰੀਆਂ ਨਾਲ ਭਰੇ ਨਜ਼ਰ ਆ ਰਹੇ ਹਨ। ਸਰਕਾਰ ਵੱਲੋਂ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਲਈ ਮੈਦਾਨਾਂ ਦੀ ਸੁਧਾਰ, ਨਵੀਆਂ ਸਹੂਲਤਾਂ ਅਤੇ ਟੂਰਨਾਮੈਂਟਾਂ ਦਾ ਆਯੋਜਨ ਲਗਾਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਆਪਣੀ ਵਚਨਬੱਧਤਾ ਨੂੰ ਨਿਭਾਉਂਦੀ ਹੋਈ ਨੌਜਵਾਨਾਂ ਦੇ ਚੰਗੇ ਭਵਿੱਖ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

# ਚੰਡੀਗੜ੍ਹ ਯੂਨੀਵਰਸਿਟੀ ਦੁਨੀਆਂ ਦੀਆਂ ਚੋਟੀ ਦੀਆਂ 300 ਯੂਨੀਵਰਸਿਟੀਆਂ ਦੀ ਸੂਚੀ 'ਚ ਸ਼ੁਮਾਰ

**ਕੌਮੀ ਪਤ੍ਰਿਕਾ**

ਪਟਿਆਲਾ/ਚੰਡੀਗੜ੍ਹ 3 ਮਈ। ਵੱਡੇ ਸੁਫ਼ਨੇ ਅਕਸਰ ਹੋਣਹਾਰ ਬੱਚਿਆਂ ਦੀਆਂ ਅੱਖਾਂ 'ਚ ਪਲਦੇ ਹਨ ਪਰ ਕਈ ਵਾਰ ਆਰਥਿਕ ਤੰਗੀ ਦੀਆਂ ਦੀਵਾਰਾਂ ਇਨ੍ਹਾਂ ਸੁਫ਼ਨਿਆਂ ਦੇ ਰਾਹ 'ਚ ਰੋੜਾ ਬਣ ਜਾਂਦੀਆਂ ਹਨ। ਅਜਿਹੇ ਕਾਹਬਲ ਅਤੇ ਜ਼ਹੀਨ ਵਿਦਿਆਰਥੀਆਂ ਦੀ ਬਾਂਹ ਫੜ੍ਹਦਿਆਂ ਦੇਸ਼ ਦੀ ਨਾਮਵਰ ਚੰਡੀਗੜ੍ਹ ਯੂਨੀਵਰਸਿਟੀ ਨੇ 'ਸੀ. ਯੂ. ਸੀ. ਈ. ਟੀ.-2026' ਸਕਾਲਰਸ਼ਿਪ ਦੇ ਰੂਪ 'ਚ ਉਮੀਦ ਦੀ ਨਵੀਂ ਆਸ ਜਗਾਈ ਹੈ। ਸਾਡੇ ਅਦਾਰੇ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਹੁਨਰ ਕਿਸੇ ਸਾਧਨ ਦਾ ਮੁਹਤਾਜ਼ ਨਹੀ ਹੁੰਦਾ ਅਤੇ ਮਾਲੀ ਹਾਲਤ ਕਰਕੇ ਕਿਸੇ ਵੀ ਹੋਣਹਾਰ ਬੱਚੇ ਦਾ ਸੁਨਹਿਰੀ ਭਵਿੱਖ ਧੁੰਦਲਾ ਨਹੀਂ ਹੋਣਾ ਚਾਹੀਦਾ। ਇਸ ਪ੍ਰੀਖਿਆ ਰਾਹੀਂ ਵਿਦਿਆਰਥੀ ਆਪਣੀ ਕਾਬਲੀਅਤ ਦੇ ਦਮ 'ਤੇ 100 ਫ਼ੀਸਦੀ ਤੱਕ ਦੀ ਸਕਾਲਰਸ਼ਿਪ ਪ੍ਰਾਪਤ ਕਰ ਸਕਦੇ ਹਨ। ਇਹ ਅਹਿਮ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਦੇ ਸਲਾਹਕਾਰ ਪੋ. (ਡਾ.) ਆਰ. ਐੱਸ. ਬਾਵਾ ਨੇ ਪਟਿਆਲਾ 'ਚ ਹੋਈ ਇੱਕ ਵਿਸ਼ੇਸ਼ ਪ੍ਰੈੱਸ ਕਾਨਫ਼ਰੰਸ ਦੌਰਾਨ ਸਾਂਝੀ ਕੀਤੀ। ਪੋ. (ਡਾ.) ਬਾਵਾ ਨੇ ਦੱਸਿਆ ਕਿ ਹੋਣਹਾਰ ਪਰ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਲਈ ਚਲਾਏ ਜਾ ਰਹੇ 'ਐਡਿਮਸ਼ਨ ਕਮ ਸਕਾਲਰਸ਼ਿਪ' ਪ੍ਰੋਗਰਾਮ ਚੰਡੀਗੜ੍ਹ ਯੂਨੀਵਰਸਿਟੀ ਕਾਮਨ ਐਂਟਰੈਂਸ ਟੈਸਟ (ਸੀ. ਯੂ. ਸੀ. ਈ. ਟੀ. 2026) ਦੇ ਜ਼ਰੀਏ ਯੂਨੀਵਰਸਿਟੀ ਹਰ ਸਾਲ 250 ਕਰੋੜ ਰੁਪਏ ਦੀ ਸਕਾਲਰਸ਼ਿਪ ਦੇ ਕੇ ਹਜ਼ਾਰਾਂ ਵਿਦਿਆਰਥੀਆਂ ਨੂੰ 100 ਫ਼ੀਸਦੀ ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਵਿਸਥਾਰ 'ਚ ਦੱਸਿਆ ਕਿ ਇਸ ਰਾਸ਼ੀ 'ਚ 200 ਕਰੋੜ ਰੁਪਏ ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਅਤੇ 50 ਕਰੋੜ ਰੁਪਏ ਚੰਡੀਗੜ੍ਹ ਯੂਨੀਵਰਸਿਟੀ ਦੇ ਲਖਨਊ ਕੈਂਪਸ ਲਈ ਰਾਖਵੇਂ ਰੱਖੇ ਗਏ ਹਨ। ਇਸ ਸਕਾਲਰਸ਼ਿਪ ਦਾ ਲਾਭ ਲੈਣ ਦੇ ਚਾਹਵਾਨ ਵਿਦਿਆਰਥੀ ਚੰਡੀਗੜ੍ਹ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ https://www.cuchd.in/scholarship/ 'ਤੇ ਜਾ ਕੇ ਆਸਾਨੀ ਨਾਲ ਸੀ. ਯੂ. ਸੀ. ਈ. ਟੀ.-2026 ਲਈ ਰਜਿਸਟ?ਰੇਸ਼ਨ ਕਰ ਸਕਦੇ ਹਨ। ਪ੍ਰੋ. (ਡਾ.) ਬਾਵਾ ਨੇ ਅੱਗੇ ਦੱਸਿਆ ਕਿ ਸਾਲ 2012 'ਚ ਚੰਡੀਗੜ੍ਹ ਯੂਨੀਵਰਸਿਟੀ ਦੇ ਮੋਹਾਲੀ ਕੈਂਪਸ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਭਾਰਤ ਦੇ 28 ਸੂਬਿਆਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 1.30 ਲੱਖ ਤੋਂ ਜ਼ਿਆਦਾ ਵਿਦਿਆਰਥੀਆਂ ਅਤੇ ਕਈ ਵਿਦੇਸ਼ੀ ਵਿਦਿਆਰਥੀਆਂ ਨੇ ਯੂਨੀਵਰਸਿਟੀ ਵੱਲੋਂ ਦਿੱਤੀਆਂ ਜਾਂਦੀਆਂ ਸਕਾਲਰਸ਼ਿਪਾਂ ਦਾ ਲਾਭ ਉਠਾਇਆ ਹੈ। ਮੌਜੂਦਾ ਅਕਾਦਿਮਕ ਸਾਲ 2025-26 ਦੀ ਗੱਲ ਕਰੀਏ ਤਾਂ ਇਕੱਲੇ ਪੰਜਾਬ ਦੇ ਹੀ 11,626ਵਿਦਿਆਰਥੀ ਚੰਡੀਗੜ੍ਹ ਯੂਨੀਵਰਸਿਟੀ ਦੀਆਂ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਦਾ ਲਾਹਾ ਲੈ ਰਹੇ ਹਨ। ਇਨ੍ਹਾਂ 'ਚ ਪੰਜਾਬ ਦੇ 5,243 ਵਿਦਿਆਰਥੀ ਸੀ. ਯੂ. ਸੀ. ਈ. ਟੀ. ਦੇ ਜ਼ਰੀਏ ਅਤੇ 6,383 ਵਿਦਿਆਰਥੀ ਹੋਰ ਸਕਾਲਰਸ਼ਿਪ ਯੋਜਨਾਵਾਂ ਦੇ ਤਹਿਤ ਆਪਣੀ ਪੜ੍ਹਾਈ ਜਾਰੀ ਰੱਖ ਰਹੇ ਹਨ।




ਸਕਾਲਰਸ਼ਿਪ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ. (ਡਾ.) ਬਾਵਾ ਨੇ ਦੱਸਿਆ ਕਿ ਪਿਛਲੇ 3 ਸਾਲਾਂ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦੇ 5,723 ਵਿਦਿਆਰਥੀਆਂ ਨੂੰ 6 ਕਰੋੜ ਰੁਪਏ ਤੋਂ ਵੱਧ ਦੀ ਡਿਫ਼ਸ ਸਕਾਲਰਸ਼ਿਪ ਪ੍ਰਦਾਨ ਕੀਤੀ ਹੈ, ਜਿਸ 'ਚ ਪੰਜਾਬ ਦੇ ਮੌਜੂਦਾ 66 ਵਿਦਿਆਰਥੀ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਰੱਖਿਆ ਕਰਮੀਆਂ ਦੇ ਪਰਿਵਾਰਕ ਮੈਂਬਰ 'ਆਰਮਡ ਫ਼ੋਰਸਿਜ਼ ਐਜੂਕੇਸ਼ਨਲ ਵੈਲਫ਼ੇਅਰ ਸਕੀਮ' ਅਤੇ 'ਸ਼ਹੀਦ ਕੈਪਟਨ ਵਿਕਰਮ ਬੱਤਰਾ ਸਕਾਲਰਸ਼ਿਪ ਦਾ ਲਾਭ ਲੈ ਸਕਦੇ ਹਨ। ਇਸ ਦੇ ਨਾਲ ਹੀ ਚੰਡੀਗੜ੍ਹ ਯੂਨੀਵਰਸਿਟੀ ਦਾ ਐੱਨ. ਸੀ. ਸੀ. ਵਿੰਗ ਦੇਸ਼ ਸੇਵਾ ਦੇ ਇੱਛੁਕ ਵਿਦਿਆਰਥੀਆਂ ਦੇ ਸੁਫ਼ਨਿਆਂ ਨੂੰ ਹਕੀਕਤ 'ਚ ਬਦਲ ਰਿਹਾ ਹੈ। ਹੁਣ ਤੱਕ ਐੱਨ. ਸੀ. ਸੀ. ਵਿੰਗ 'ਚ ਸਿਖਲਾਈ ਪ੍ਰਾਪਤ 50 ਕੈਡਿਟ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਤਿੰਨ ਵਿੰਗਾਂ 'ਚ ਅਧਿਕਾਰੀ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਪ੍ਰੋ. (ਡਾ.) ਬਾਵਾ ਨੇ ਮਾਣ ਨਾਲ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਆਪਣੀ ਸ਼ਾਨਦਾਰ ਗਲੋਬਲ ਰੈਂਕਿੰਗਲਈ ਪੂਰੀ ਦੁਨੀਆ 'ਚ ਪ੍ਰਸਿੱਧ ਹੈ। ਯੂਨੀਵਰਸਿਟੀ ਨੇ ਹਾਲ ਹੀ 'ਚ ਜਾਰੀ ਹੋਈ ਕਿਊ. ਐੱਸ. ਵਰਲਡ ਯੂਨੀਵਰਸਿਟੀ ਰੈਂਕਿੰਗ 2026 'ਚ ਆਪਣੀ ਚੜ੍ਹਤ ਨੂੰਲਗਾਤਾਰ ਬਰਕਰਾਰ ਰੱਖਦੇ ਹੋਏ ਬੇਮਿਸਾਲ ਪ੍ਰਦਰਸ਼ਨ ਕੀਤਾ ਹੈ। ਚੰਡੀਗੜ੍ਹ ਯੂਨੀਵਰਸਿਟੀ ਨੇ ਤਿੰਨ ਪ੍ਰਮੁੱਖ ਵਿਸ਼ਿਆਂ ਕੰਪਿਊਟਰ ਸਾਇੰਸ ਅਤੇ ਇਨਫ਼ਾਰਮੇਸ਼ਨ ਸਿਸਟਮ, ਇਲੈਕਟ?ਰੀਕਲ ਇਲੈਕਟ?ਰਾਨਿਕਸ ਇੰਜੀਨੀਅਰਿੰਗ ਅਤੇ ਮਕੈਨੀਕਲ, ਐਰੋਨਾਟਿਕਲ ਅਤੇ ਮੈਨੂਫ਼ੈਕਚਿਰੰਗ ਇੰਜੀਨੀਅਰਿੰਗ 'ਚ ਦੁਨੀਆ ਦੀਆਂ ਚੋਟੀ ਦੀਆਂ 300 ਯੂਨੀਵਰਸਿਟੀਆਂ 'ਚ ਜਗ?ਹਾ ਬਣਾ ਕੇ ਆਪਣੀ ਅਕਾਦਮਿਕ ਉੱਤਮਤਾ ਦਾ ਲੋਹਾ ਮੰਨਵਾਇਆ ਹੈ। ਪ੍ਰੋ. (ਡਾ.) ਬਾਵਾ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਨੇ ਸਬਜੈਕਟ ਰੈਂਕਿੰਗ 'ਚ ਆਪਣੀ ਸਥਿਤੀ ਨੂੰ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ ਕੀਤਾ ਹੈ। ਸਾਲ 2025 ਦੀ ਸਬਜੈਕਟ ਰੈਂਕਿੰਗ 'ਚ ਸ਼ਾਮਲ ਸਿਰਫ 5 ਵਿਸ਼ਿਆਂ ਦੇ ਮੁਕਾਬਲੇ ਕਿਊ. ਐੱਸ. ਵਰਲਡ ਯੂਨੀਵਰਸਿਟੀ ਸਬਜੈਕਟ ਰੈਂਕਿੰਗ 2026 'ਚ ਇਹ ਗਿਣਤੀ ਵੱਧ ਕੇ 11 ਹੋ ਗਈ ਹੈ। ਇਸ ਮਾਣਮੱਤੀ ਉਪਲੱਬਧੀ ਦੇ ਨਾਲ ਚੰਡੀਗੜ੍ਹ ਯੂਨੀਵਰਸਿਟੀ ਦੁਨੀਆ ਦੀਆਂ ਚੋਟੀ ਦੀਆਂ ਇਕ ਫ਼ੀਸਦੀ ਯੂਨੀਵਰਸਿਟੀਆਂ ਦੀ ਸੂਚੀ 'ਚ ਸ਼ੁਮਾਰ ਹੋ ਗਈ ਹੈ, ਜਿਸ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਇਸ ਦੀ ਪਛਾਣ ਅਤੇ ਸਾਖ਼ ਹੋਰ ਵੀ ਮਜ਼ਬੂਤ ਹੋਈ ਹੈ। ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਦੇ ਸਲਾਹਕਾਰ ਪ੍ਰੋ. (ਡਾ.) ਬਾਵਾ ਨੇ ਦੱਸਿਆ ਕਿ ਕਿਊ. ਐੱਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਬਾਏ ਸਬਜੈਕਟ 2026 'ਚ ਯੂਨੀਵਰਸਿਟੀ ਨੇ ਕੁੱਲ 11 ਪ੍ਰਮੁੱਖ ਵਿਸ਼ਿਆਂ ਕੰਪਿਊਟਰ ਸਾਇੰਸ ਐਂਡ ਇਨਫ਼ਾਰਮੇਸ਼ਨ ਸਿਸਟਮਜ਼, ਇਲੈਕਟ?ਰੀਕਲ ਐਂਡ ਇਲੈਕਟ?ਰਾਨਿਕਸ ਇੰਜਨੀਅਰਿੰਗ, ਮਕੈਨੀਕਲ, ਐਰੋਨਾਟਿਕਲ ਐਂਡ ਮੈਨੂਫ਼ੈਕਚਿਰੰਗ ਇੰਜਨੀਅਰਿੰਗ, ਕੈਮਿਸਟਰੀ, ਬਿਜ਼ਨੈੱਸ ਮੈਨੇਜਮੈਂਟ, ਕੈਮੀਕਲ ਇੰਜਨੀਅਰਿੰਗ, ਬਾਇਓਲਾਜਿਕਲ ਸਾਇੰਸਿਜ਼, ਇਨਵਾਇਰਨਮੈਂਟਲ ਸਾਇੰਸਿਜ਼, ਮੈਥਮੈਟਿਕਸ, ਫਿਜ਼ੀਕਸ ਅਤੇ ਇਕੋਨਾਮਿਕਸ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਿਊ. ਐੱਸ. ਵਰਲਡ ਯੂਨੀਵਰਸਿਟੀ ਸਬਜੈਕਟ ਰੈਂਕਿੰਗ 2026 'ਚ ਯੂਨੀਵਰਸਿਟੀ ਦਾ ਸਰਬ ਉੱਤਮ ਪ੍ਰਦਰਸ਼ਨ ਉਸ ਦੁਆਰਾ ਹਾਸਲ ਕੀਤੇ ਗਏ 'ਟੌਪ ਸਕੋਰਜ਼' 'ਤੇ ਆਧਾਰਿਤ ਹੈ। ਇਹ ਸਕੋਰ ਪੰਜ ਗੁਣਵੱਤਾ ਸੂਚਕਾਂ ਅਕਾਦਿਮਕ ਪ੍ਰਤਿਸ਼ਠਾ, ਇੰਪਲਾਇਰ ਰੈਪੂਟੇਸ਼ਨ, ਸਾਈਟੇਸ਼ਨ ਪਰ ਪੇਪਰ, ਐੱਚ ਇੰਡੈਕਸ ਅਤੇ ਕੌਮਾਂਤਰੀ ਖੋਜ ਨੈੱਟਵਰਕ 'ਚ ਮਿਲੇ ਹਨ। ਇਹ ਯੂਨੀਵਰਸਿਟੀ ਦੀ ਅਕਾਦਿਮਕ ਉੱਤਮਤਾ, ਇੰਪਲਾਇਰਜ਼ (ਰੁਜ਼ਗਾਰਦਾਤਾ) 'ਚ ਯੂਨੀਵਰਸਿਟੀ ਦੀ ਸਥਿਤੀ, ਪ੍ਰਭਾਵਸ਼ਾਲੀ ਖੋਜ ਅਤੇ ਗੁਣਵੱਤਾ, ਵਿਦਵਤਾਪੂਰਵਕ ਕਾਰਜਾਂ ਅਤੇ ਉਨ੍ਹਾਂ ਦੇ ਪ੍ਰਭਾਵ ਅਤੇ ਖੋਜ ਭਾਈਵਾਲੀ ਲਈ ਕਿਸੇ ਸੰਸਥਾ ਦੀ ਵਿਸ਼ਵ ਭਾਈਵਾਲੀ ਦਾ ਮੁਲਾਂਕਣ ਕਰਦਾ ਹੈ। ਪ੍ਰੋ. (ਡਾ.) ਬਾਵਾ ਨੇ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੇਸ਼-ਵਿਦੇਸ਼ ਦੀਆਂ ਦਿੱਗਜ ਕੰਪਨੀਆਂ ਦੀ ਪਹਿਲੀਪਸੰਦ ਹੈ। 1300 ਤੋਂ ਵੱਧ ਕੰਪਨੀਆਂ ਨੇ ਚੰਡੀਗੜ੍ਹ ਯੂਨੀਵਰਸਿਟੀ ਦੇ 2025 ਸੈਸ਼ਨ ਦੇ ਵਿਦਿਆਰਥੀਆਂ ਨੂੰ 10,000 ਤੋਂ ਵੱਧ ਨੌਕਰੀਆਂ ਦੀ ਪੇਸ਼ਕਸ਼ ਕੀਤੀ ਹੈ। ਇਸ 'ਚ ਸਭ ਤ ਵੱਧ ਅੰਤਰਰਾਸ਼ਟਰੀ ਪੈਕਜ 1.74 ਕਰੋੜ ਰੁਪਏ ਰਿਹਾ, ਜਦੋਂ ਕਿ ਘਰੇਲੂ ਪੈਕਜ ਦੀ ਪੇਸ਼ਕਸ਼ 54.75 ਲੱਖ ਰੁਪਏ ਰਹੀ। ਇਨ੍ਹਾਂ 'ਚ 31 ਤੋਂ ਵੱਧ ਕੰਪਨੀਆਂ ਨੇ 20 ਲੱਖ ਰੁਪਏ ਜਾਂ ਇਸ ਤੋਂ ਵੱਧ ਨੌਕਰੀਆਂ ਦੀ ਪੇਸ਼ਕਸ਼ ਕੀਤੀ, ਜਦੋਂ ਕਿ 52 ਕੰਪਨੀਆਂ ਨੇ 15 ਲੱਖ ਰੁਪਏ ਤੋਂ ਵੱਧ ਸਲਾਨਾ ਸੈਲਰੀ ਪੈਕਜ ਦੀਆਂ ਨੌਕਰੀਆਂ ਦੀ ਪੇਸ਼ਕਸ਼ ਕੀਤੀ।

## ਕਲਯੁਗੀ ਮਾਮੇ ਦੀ ਕਰਤੂਤ: 40 ਦਿਨਾਂ ਦੀ ਭਾਣਜੀ ਨੂੰ ਕਮਰੇ 'ਚ ਕੀਤਾ ਬੰਦ

ਲੁਧਿਆਣਾ 3 ਮਈ। ਥਾਣਾ ਬਸਤੀ ਜੋਧੇਵਾਲ ਦੇ ਅਧੀਨ ਆਉਂਦੇ ਇਲਾਕੇ ਵਿਚ ਇਕ ਕਲਯੁਗੀ ਮਾਮੇ ਵੱਲੋਂ ਆਪਣੀ ਹੀ 40 ਦਿਨਾਂ ਦੀ ਮਾਸੂਮ ਭਾਣਜੀ ਨੂੰ ਬੰਧਕ ਬਣਾ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਭਾਰੀ ਜੱਦੋ-ਜਹਿਦ ਤੋਂ ਬਾਅਦ ਮੁਲਜ਼ਮ ਨੂੰ ਕਾਬੂ ਕਰਕੇ ਬੱਚੀ ਨੂੰ ਸੁਰੱਖਿਅਤ ਬਚਾ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ, ਐੱਸ.ਆਈ. ਜਸਪਾਲ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਇਲਾਕੇ ਵਿਚ ਮੌਜੂਦ ਸੀ, ਉਦੋਂ ਹੀ ਉਨ੍ਹਾਂ ਨੂੰ ਇਕ ਸੂਚਨਾ ਪ੍ਰਾਪਤ ਹੋਈ। ਮੌਕੇ 'ਤੇ ਪਹੁੰਚਣ 'ਤੇ ਹਰਨੈਲ ਕੌਰ ਨਾਂ ਦੀ ਮਹਿਲਾ ਨੇ ਦੱਸਿਆ ਕਿ ਉਸ ਦੀ ਆਪਣੀ ਮਾਤਾ ਪਰਮਦੀਪ ਕੌਰ ਨਾਲ ਮੋਬਾਈਲ 'ਤੇ ਗੱਲ ਹੋਈ। ਪਰਮਦੀਪ ਕੌਰ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਉਸ ਦਾ ਬੇਟਾ ਗੁਰਅਨਮੋਲ ਸਿੰਘ, ਜੋ ਅਕਸਰ ਪੈਸਿਆਂ ਦੀ ਮੰਗ ਨੂੰ ਲੈ ਕੇ ਆਪਣੀ ਮਾਂ ਨਾਲ ਝਗੜਾ ਕਰਦਾ ਸੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ, ਅੱਜ ਫਿਰ ਘਰ ਵਿਚ ਵੜ ਆਇਆ। ਪਰਮਦੀਪ ਕੌਰ ਦੀ ਗੈਰ-ਮੌਜੂਦਗੀ ਵਿਚ ਮੁਲਜ਼ਮ ਗੁਰਅਨਮੋਲ ਸਿੰਘ ਨੇ ਆਪਣੀ ਭੈਣ ਹਰਨੈਲ ਕੌਰ ਦੀ ਮਹਿਜ਼ 40 ਦਿਨਾਂ ਦੀ ਬੇਟੀ ਇਲਾਹੀਨੂਰ ਨਿੱਝਰ ਨੂੰ ਜ਼ਬਰਦਸਤੀ ਖੋਹ ਲਿਆ। ਪਹਿਲਾਂ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਉਹ ਸਫਲ ਨਹੀਂ ਹੋ ਸਕਿਆ ਤਾਂ ਉਸ ਨੇ ਖ਼ੁਦ ਨੂੰ ਅਤੇ ਮਾਸੂਮ ਬੱਚੀ ਨੂੰ ਘਰ ਦੀ ਉੱਪਰਲੀ ਮੰਜ਼ਿਲ ਦੇ ਇਕ ਕਮਰੇ ਵਿਚ ਬੰਦ ਕਰ ਲਿਆ। ਮੁਲਜ਼ਮ ਲਗਾਤਾਰ ਖ਼ੁਦ ਨੂੰ ਅਤੇ ਬੱਚੀ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਦੇ ਰਿਹਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਥਾਣਾ ਬਸਤੀ ਜੋਧੇਵਾਲ ਦੀ ਪੁਲਸ ਟੀਮ ਨੇ ਤੁਰੰਤ ਮੋਰਚਾ ਸੰਭਾਲਿਆ। ਕਰੀਬ 4 ਘੰਟਿਆਂ ਦੀ ਸਖ਼ਤ ਮਿਹਨਤ ਅਤੇ ਗੱਲਬਾਤ ਤੋਂ ਬਾਅਦ ਪੁਲਸ ਨੇ ਮੁਲਜ਼ਮ ਤੋਂ ਕਮਰਾ ਖੁਲ੍ਹਵਾਇਆ ਅਤੇ ਮਾਸੂਮ ਬੱਚੀ ਨੂੰ ਸੁਰੱਖਿਅਤ ਬਾਹਰ ਕੱਢਿਆ। ਪੁਲਸ ਅਨੁਸਾਰ, ਬੱਚੀ ਬਹੁਤ ਛੋਟੀ ਸੀ ਅਤੇ ਕੋਈ ਵੀ ਅਣਹੋਣੀ ਘਟਨਾ ਵਾਪਰ ਸਕਦੀ ਸੀ। ਪੁਲਸ ਨੇ ਮੁਲਜ਼ਮ ਗੁਰਅਨਮੋਲ ਸਿੰਘ ਖ਼?ਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਖ਼?ਲਾਫ਼ ਪਹਿਲਾਂ ਵੀ ਥਾਣਾ ਬਸਤੀ ਜੋਧੇਵਾਲ ਵਿਚ ਉਸ ਦੀ ਮਾਂ ਦੀ ਸ਼ਿਕਾਇਤ 'ਤੇ ਕਾਰਵਾਈ ਹੋ ਚੁੱਕੀ ਹੈ। ਫਿਲਹਾਲ ਪੁਲਸ ਮਾਮਲੇ ਦੀ ਅਗਲੀ ਜਾਂਚ ਕਰ ਰਹੀ ਹੈ।



## ਸਾਈਬਰ ਠੱਗਾਂ ਦਾ ਵਧਦਾ ਖ਼ੌਫ਼ ! ਤਿੰਨ ਸਾਲਾਂ ਵਿਚ 3 ਗੁਣਾਂ ਵਧੇ ਮਾਮਲੇ

**ਕੌਮੀ ਪਤ੍ਰਿਕਾ**

ਲੁਧਿਆਣਾ 3 ਮਈ। ਕੇਂਦਰ ਸਰਕਾਰ ਵੱਲੋਂ ਡਿਜੀਟਲ ਇੰਡੀਆ ਬਣਾਉਣ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਵਧ ਰਹੀਆਂ ਡਿਜੀਟਲ ਸੇਵਾਵਾਂ ਅਤੇ ਇੰਟਰਨੈੱਟ ਦੀ ਵਰਤੋਂ ਦੇ ਚਲਦਿਆਂ ਦੇਸ਼ ਭਰ ਵਿਚ ਸਾਈਬਰ ਅਪਰਾਧਾਂ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਸ ਕਾਰਨ ਦੇਸ਼ ਵਿਚ ਹਰ ਪਲ ਲੋਕ ਸਾਈਬਰ ਲੁਟੇਰਿਆਂ ਦਾ ਸ਼ਿਕਾਰ ਹੋ ਰਹੇ ਹਨ। ਆਨਲਾਈਨ ਠੱਗੀ, ਫਰਜ਼ੀ ਕਾਲ ਅਤੇ ਡਿਜੀਟਲ ਫਰਾਡ ਰਾਹੀਂ ਅਪਰਾਧੀ ਆਮ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਸਾਈਬਰ ਲੁਟੇਰੇ ਫੇਕ ਲਿੰਕ, ਓ.ਟੀ.ਪੀ. ਫਰਾਡ, ਫਿਸ਼ਿੰਗ ਸਕੈਮ, ਆਨਲਾਈਨ ਧੋਖਾਧੜੀ, ਡਿਜੀਟਲ ਅਰੈਸਟ, ਸੋਸ਼ਲ ਮੀਡੀਆ ਅਕਾਊਂਟ ਹੈਕਿੰਗ ਕਰਕੇ ਆਪਣਾ ਸ਼ਿਕਾਰ ਬਣਾ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਾਈਬਰ ਕ੍ਰਾਈਮ ਹੈਲਪਲਾਈਨ 1930 'ਤੇ ਪਿਛਲੇ ਇਕ ਸਾਲ ਵਿਚ ਸਾਈਬਰ ਕ੍ਰਾਈਮ ਨਾਲ ਜੁੜੀਆਂ ਸ਼ਿਕਾਇਤਾਂ ਵਿਚ ਵਾਧਾ ਹੋ ਰਿਹਾ ਹੈ। ਹਾਲ ਹੀ ਵਿਚ ਕ੍ਰਿਪਟੋ ਕਵੀਨ ਨੇ ਇਕ ਕਾਰੋਬਾਰੀ ਤੋਂ ਕਰੀਬ 20 ਕਰੋੜ ਦੀ ਆਨਲਾਈਨ ਠੱਗੀ ਕੀਤੀ, ਇਸ ਤੋਂ ਪਹਿਲਾਂ ਲੁਧਿਆਣਾ ਦੇ ਹੀ ਪ੍ਰਮੁੱਖ ਕਾਰੋਬਾਰੀ ਨੂੰ ਡਿਜੀਟਲ ਅਰੈਸਟ ਕਰਕੇ 7 ਕਰੋੜ ਦੀ ਠੱਗੀ ਕੀਤੀ ਗਈ ਸੀ। ਅੰਕੜਿਆਂ ਅਨੁਸਾਰ ਸਾਲ 2025 ਵਿਚ ਹੈਲਪਲਾਈਨ 'ਤੇ ਕੁੱਲ 3 ਕਰੋੜ 24 ਲੱਖ ਲੋਕਾਂ ਦੀਆਂ ਸ਼ਿਕਾਇਤਾਂ ਮਿਲੀਆਂ। ਜਿਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਵਿਚ ਡਿਜੀਟਲ ਖ਼ਤਰੇ ਅਤੇ ਸਾਈਬਰ ਅਪਰਾਧ ਕਿਸ ਤਰ੍ਹਾਂ ਵਧ ਰਹੇ ਹਨ। ਸਾਈਬਰ ਲੁਟੇਰਿਆਂ ਦੀਆਂ ਵਾਰਦਾਤਾਂ ਦੇ ਚਲਦਿਆਂ ਹੈਲਪਲਾਈਨ ਨੰਬਰ 'ਤੇ ਆਉਣ ਵਾਲੀਆਂ ਕਾਲਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਸਾਲ 2023 ਵਿਚ ਹੈਲਪਲਾਈਨ ਨੰਬਰ 'ਤੇ 96 ਲੱਖ 40 ਹਜ਼ਾਰ ਸ਼ਿਕਾਇਤਾਂ ਨੂੰ ਲੈ ਕੇ ਕਾਲਾਂ ਆਈਆਂ, ਉੱਥੇ ਹੀ 2024 ਵਿਚ ਇਹ ਵਧ ਕੇ 2 ਕਰੋੜ 21 ਲੱਖ ਤੱਕ ਪਹੁੰਚ ਗਈ ਅਤੇ 2025 ਵਿਚ ਤਾਂ ਇਹ ਅੰਕੜਾ 3 ਕਰੋੜ 24 ਲੱਖ ਤੱਕ ਜਾ ਪਹੁੰਚਿਆ। ਜਦੋਂ ਕਿ 2026 ਦੇ ਪਹਿਲੇ ਮਹੀਨੇ ਵਿਚ ਹੀ 25 ਲੱਖ ਦੇ ਕਰੀਬ ਸ਼ਿਕਾਇਤਾਂ ਮਿਲੀਆਂ। ਸਾਲ 2024 ਵਿਚ ਇਨ੍ਹਾਂ ਕਾਲਾਂ ਵਿਚ ਕਰੀਬ 130 ਫੀਸਦੀ ਦਾ ਵਾਧਾ ਹੋਇਆ, ਬੇਸ਼ੱਕ ਸਾਲ 2025 ਵਿਚ 23-24 ਦੇ ਮੁਕਾਬਲੇ ਘੱਟ ਵਾਧਾ ਹੋਇਆ, ਪਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਵਧ ਰਹੀ ਕਾਲਾਂ ਦੀ ਗਿਣਤੀ ਚਿੰਤਾਜਨਕ ਹੈ। ਹਰ ਰੋਜ਼ ਵਧ ਰਹੀਆਂ ਸ਼ਿਕਾਇਤਾਂ ਡਿਜੀਟਲ ਇੰਡੀਆ ਲਈ ਵੀ ਨੁਕਸਾਨਦਾਇਕ ਹਨ। ਦੇਖਿਆ ਜਾਵੇ ਤਾਂ ਅੰਕੜਿਆਂ ਅਨੁਸਾਰ ਸਾਲ 2023 ਵਿਚ ਹਰ ਰੋਜ਼ 26,411 ਕਾਲਾਂ ਅਤੇ ਸਾਲ 2024 ਵਿਚ ਇਨ੍ਹਾਂ ਦੀ ਗਿਣਤੀ ਦੁੱਗਣੀ ਹੋ ਗਈ ਅਤੇ ਸਾਲ 2025 ਵਿਚ ਇਹ ਸ਼ਿਕਾਇਤਾਂ ਕਾਲਾਂ 2023 ਦੇ ਅੰਕੜੇ ਤੋਂ ਤਿੰਨ ਗੁਣਾ ਪਾਰ ਹੋ ਗਈਆਂ। ਜਦੋਂ ਕਿ ਜਨਵਰੀ 2026 ਵਿਚ ਹਰ ਰੋਜ਼ ਆਉਣ ਵਾਲੀਆਂ ਕਾਲਾਂ 70 ਹਜ਼ਾਰ ਦੇ ਕਰੀਬ ਪਹੁੰਚ ਗਈਆਂ। ਸਾਈਬਰ ਅਪਰਾਧ ਹੈਲਪਲਾਈਨ ਨੰਬਰ 1930 ਕੇਂਦਰ ਸਰਕਾਰ ਵੱਲੋਂ ਸਾਈਬਰ ਅਪਰਾਧ ਨੂੰ ਰੋਕਣ ਲਈ ਬਣਾਇਆ ਗਿਆ ਹੈ ਅਤੇ ਇਸ ਨੂੰ ਹਰੇਕ ਰਾਜ ਦੇ ਨਾਲ ਜੋੜਿਆ ਗਿਆ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਸਾਈਬਰ ਅਪਰਾਧ ਨੂੰ ਲੈ ਕੇ ਹੈਲਪਲਾਈਨ 'ਤੇ ਵਧ ਰਹੀਆਂ ਸ਼ਿਕਾਇਤਾਂ ਦਾ ਮੁੱਖ ਕਾਰਨ ਹੈ ਕਿ ਲਗਾਤਾਰ ਸਾਈਬਰ ਅਪਰਾਧਾਂ ਵਿਚ ਵਾਧਾ ਹੋ ਰਿਹਾ ਹੈ। ਦੂਜੇ ਪਾਸੇ ਸਰਕਾਰ ਵੱਲੋਂ ਲੋਕਾਂ ਨੂੰ ਇਨ੍ਹਾਂ ਅਪਰਾਧਾਂ ਤੋਂ ਬਚਣ ਲਈ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਜਾਗਰੂਕ ਕੀਤਾ ਗਿਆ ਹੈ ਕਿ ਜਿਵੇਂ ਹੀ ਕੋਈ ਸਾਈਬਰ ਅਪਰਾਧ ਹੁੰਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ 1930 'ਤੇ ਦਿੱਤੀ ਜਾਵੇ, ਜਿਸ ਨਾਲ ਬੈਂਕਿੰਗ ਫਰਾਡ ਜਾਂ ਆਨਲਾਈਨ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।




## ਜਲੰਧਰ ਦੀ ਸਿਆਸਤ 'ਚ ਵੱਡੀ ਹਲਚਲ ! ਅੰਦਰੂਨੀ ਕਲੇਸ਼ ਆਇਆ ਸਾਹਮਣੇ, 3 ਧੜਿਆਂ 'ਚ ਵੰਡੀ ਕਾਂਗਰਸ

**ਕੌਮੀ ਪਤ੍ਰਿਕਾ**

ਜਲੰਧਰ 3 ਮਈ। ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋਂ ਆਪਣੇ ਨਵੇਂ ਨਿਵਾਸ 'ਤੇ ਕਰਵਾਏ ਗਏ ਵਿਧਾਨ ਸਭਾ ਪੱਧਰੀ ਵਰਕਰ ਮਿਲਣੀ ਪ੍ਰੋਗਰਾਮ ਨੇ ਕਾਂਗਰਸ ਦੀ ਅੰਦਰੂਨੀ ਗੁੱਟਬੰਦੀ ਨੂੰ ਉਜਾਗਰ ਕਰ ਦਿੱਤਾ ਹੈ। ਬੀਤੀ ਰਾਤ ਵੈਸਟ ਵਿਧਾਨ ਸਭਾ ਹਲਕੇ ਦਾ ਪ੍ਰੋਗਰਾਮ ਇਕਜੁੱਟਤਾ ਦੀ ਬਜਾਏ ਤਿੰਨ ਵੱਖ-ਵੱਖ ਧੜਿਆਂ 'ਚ ਵੰਡਿਆ ਨਜ਼ਰ ਆਇਆ। ਜਾਣਕਾਰੀ ਅਨੁਸਾਰ ਇਕ ਧੜੇ ਦੀ ਅਗਵਾਈ ਵੈਸਟ ਹਲਕਾ ਇੰਚਾਰਜ ਸੁਰਿੰਦਰ ਕੌਰ ਨੇ ਕੀਤੀ ਜਦਕਿ ਦੂਜੇ ਧੜੇ 'ਚ ਕੌਂਸਲਰ ਪਵਨ ਕੁਮਾਰ ਆਪਣੇ ਸਮਰਥਕਾਂ ਨਾਲ ਵੱਖਰੇ ਤੌਰ 'ਤੇ ਪ੍ਰੋਗਰਾਮ 'ਚ ਪਹੁੰਚੇ। ਉੱਥੇ ਹੀ ਤੀਜਾ ਅਸੰਤੁਸ਼ਟ ਗੁੱਟ, ਜਿਸ 'ਚ ਸੁਦੇਸ਼ ਭਗਤ, ਐਡਵੋਕੇਟ ਬਚਨ ਲਾਲ, ਵਰਿੰਦਰ ਕਾਲੀ, ਸ਼ਾਲੂ ਜਰੇਵਾਲ ਅਤੇ ਹੋਰ ਆਗੂਆਂ ਨੇ ਦੋਵਾਂ ਤੋਂ ਦੂਰੀ ਬਣਾਉਂਦੇ ਹੋਏ ਪ੍ਰੋਗਰਾਮ ਤੋਂ ਲਗਭਗ ਇਕ ਘੰਟਾ ਪਹਿਲਾਂ ਹੀ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨਾਲ ਮੁਲਾਕਾਤ ਕਰਕੇ ਵਾਪਸ ਪਰਤ ਗਏ। ਇਸੇ ਤਰ੍ਹਾਂ ਕਰਤਾਰਪੁਰ ਹਲਕੇ ਦੇ ਪ੍ਰੋਗਰਾਮ 'ਚ ਵੀ ਇੰਚਾਰਜ ਰਾਜਿੰਦਰ ਸਿੰਘ ਅਤੇ ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਆਪਣੇ-ਆਪਣੇ ਸਮਰਥਕਾਂ ਨਾਲ ਆਮੋ-ਸਾਹਮਣੇ ਦਿਖਾਈ ਦਿੱਤੇ, ਜਿਸ ਨਾਲ ਪਾਰਟੀ ਦੇ ਅੰਦਰ ਚੱਲ ਰਹੀ ਖਿੱਚੋਤਾਣ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ। ਦੂਜੇ ਪਾਸੇ ਸੁਰਿੰਦਰ ਕੌਰ ਅਤੇ ਪਵਨ ਕੁਮਾਰ ਨੇ ਸੰਸਦ ਮੈਂਬਰ ਚੰਨੀ ਨੂੰ ਉਨ੍ਹਾਂ ਦੇ ਨਵੇਂ ਨਿਵਾਸ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪਵਨ ਕੁਮਾਰ ਨੇ ਦੱਸਿਆ ਕਿ ਸੰਸਦ ਮੈਂਬਰ ਨੇ ਉਨ੍ਹਾਂ ਨੂੰ ਹਲਕੇ 'ਚ ਹੋਰ ਸਰਗਰਮੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਸਮਰਥਕਾਂ ਨੇ ਮੰਗ ਉਠਾਈ ਕਿ ਵੈਸਟ ਹਲਕੇ ਦੀ ਕਮਾਨ ਪਵਨ ਕੁਮਾਰ ਨੂੰ ਸੌਂਪੀ ਜਾਵੇ, ਤਾਂ ਜੋ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ 2027 ਦੇ ਮਿਸ਼ਨ ਨੂੰ ਸਫ਼ਲ ਬਣਾਇਆ ਜਾ ਸਕੇ। ਇਸ ਮੌਕੇ ਕੌਂਸਲਰ ਬੰਟੀ ਨੀਲਕੰਠ, ਅਸਵਿੰਦਰ ਸਿੰਘ, ਅਸ਼ੋਕ ਕੁਮਾਰ, ਰਾਜਿੰਦਰ ਕੁਮਾਰ, ਜੈਪਾਲ, ਕਰਨਦੀਪ, ਬਲਵੀਰ ਕਲੇਰ, ਵਿਕਰਮ, ਮੱਖਣ ਰੱਤੂ, ਕਮਰੂਦੀਨ, ਹਨੀ ਕੁਮਾਰ, ਲਛਮਣ ਮਾਹੇ, ਸਤਪਾਲ, ਰਾਜਾ, ਮੋਹਿਤ ਕੁਮਾਰ, ਓਂਕਾਰ, ਡੈਨੀ ਮਾਹੇ, ਮੋਹਿਤ ਰੱਤੂ, ਕਾਰਤਿਕ, ਅਨਿਲ ਕੁਮਾਰ, ਦੀਪਕ ਟੇਲਾ, ਦਿਨੇਸ਼ ਲੋਧਾ, ਰਾਜੀਵ ਰਤਨ, ਸੰਜੀਵ ਸੋਨੂ, ਅਮਜਦ ਕੁਮਾਰ, ਸੁਰਿੰਦਰ ਕੁਮਾਰ, ਰਿੰਕੂ, ਰਿੰਕਾ, ਅਮਿਤ ਕੁਮਾਰ, ਜਿੰਦਰ ਸਿੰਘ, ਅਮਰਿੰਦਰ ਸਿੰਘ, ਅਮਰਜੀਤ, ਬਲਵਿੰਦਰ, ਵਿਪਿਨ ਕੁਮਾਰ ਸਮੇਤ ਹੋਰ ਵਰਕਰ ਵੀ ਮੌਜੂਦ ਰਹੇ।



## ਪੰਜਾਬ 'ਚ ਕਣਕ ਦੀ ਆਮਦ 100 ਲੱਖ ਟਨ ਤੋਂ ਪਾਰ, ਭੰਡਾਰਨ ਦੀ ਘਾਟ ਕਾਰਨ ਮੰਡੀਆਂ 'ਚ ਲੱਗੇ ਅੰਬਾਰ

ਚੰਡੀਗੜ੍ਹ 3 ਮਈ। ਪੰਜਾਬ ਦੀਆਂ ਮੰਡੀਆਂ 'ਚ ਕਣਕ ਦੀ ਆਮਦ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਐਤਵਾਰ ਤੱਕ ਇਹ ਅੰਕੜਾ 100 ਲੱਖ ਟਨ ਦੇ ਕਰੀਬ ਪਹੁੰਚ ਗਿਆ ਹੈ। ਸੂਬੇ ਦੀਆਂ 1,872 ਮੰਡੀਆਂ 'ਚ ਹੁਣ ਤੱਕ ਕਰੀਬ 99 ਲੱਖ ਟਨ ਤੋਂ ਵੱਧ ਕਣਕ ਪਹੁੰਚ ਚੁੱਕੀ ਹੈ, ਜਿਸ 'ਚੋਂ 95 ਲੱਖ ਟਨ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਹਾਲਾਂਕਿ, ਭੰਡਾਰਨ ਲਈ ਜਗ?ਹਾ ਦੀ ਭਾਰੀ ਕਿੱਲਤ ਅਤੇ ਹੌਲੀ ਚੁਕਾਈ ਕਾਰਨ ਮੰਡੀਆਂ 'ਚ ਕਣਕ ਦੇ ਅੰਬਾਰ ਲੱਗ ਗਏ ਹਨ। ਸਰੋਤਾਂ ਅਨੁਸਾਰ ਮੰਡੀਆਂ 'ਚ ਪਹੁੰਚੀ 100 ਲੱਖ ਟਨ ਕਣਕ ਵਿੱਚੋਂ ਹੁਣ ਤੱਕ ਸਿਰਫ਼ 34 ਲੱਖ ਟਨ (ਲਗਭਗ ਇੱਕ ਤਿਹਾਈ) ਦੀ ਹੀ ਚੁਕਾਈ ਹੋ ਸਕੀ ਹੈ। ਸੂਬੇ ਕੋਲ ਕੁੱਲ 180 ਲੱਖ ਟਨ ਭੰਡਾਰਨ ਦੀ ਸਮਰੱਥਾ ਹੈ, ਪਰ ਇਸ ਵਿੱਚੋਂ 145 ਲੱਖ ਟਨ ਚੌਲ ਅਤੇ 35 ਲੱਖ ਟਨ ਪੁਰਾਣੀ ਕਣਕ ਪਹਿਲਾਂ ਹੀ ਗੋਦਾਮਾਂ 'ਚ ਪਈ ਹੈ। ਇਸ ਕਾਰਨ ਨਵੀਂ ਕਣਕ ਰੱਖਣ ਲਈ ਜਗ?ਹਾ ਬਿਲਕੁਲ ਨਹੀਂ ਹੈ, ਜਿਸ ਕਾਰਨ ਸਰਕਾਰ ਹੁਣ ਰਾਈਸ ਮਿੱਲਾਂ ਅਤੇ ਖੁੱਲ੍ਹੇ ਪਲਿੰਥਾਂ 'ਚ ਅਨਾਜ ਸਟੋਰ ਕਰਨ ਦੀ ਯੋਜਨਾ ਬਣਾ ਰਹੀ ਹੈ। ਕੇਂਦਰ ਸਰਕਾਰ ਦੇ ਨਿਯਮਾਂ ਅਨੁਸਾਰ ਇਸ ਵਾਰ ਖ਼ਰਾਬ ਜਾਂ ਚਮਕ-ਹੀਣ ਕਣਕ ਨੂੰ ਵੱਖਰੇ ਤੌਰ 'ਤੇ ਸਟੋਰ ਕਰਨਾ ਲਾਜ਼ਮੀ ਹੈ। ਅਧਿਕਾਰੀਆਂ ਮੁਤਾਬਕ ਆਉਣ ਵਾਲੀ ਕਣਕ ਵਿੱਚੋਂ ਲਗਭਗ 35 ਫ਼ੀਸਦੀ ਕਣਕ ਪ੍ਰਭਾਵਿਤ ਹੈ, ਜਿਸ ਨੂੰ ਵੱਖਰਾ ਕਰਨਾ ਅਤੇ ਸਟੋਰ ਕਰਨਾ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਕੇਂਦਰ ਦੀ ਇੱਕ ਟੀਮ ਵੀ ਪੰਜਾਬ ਦੇ ਦੌਰੇ 'ਤੇ ਹੈ ਤਾਂ ਜੋ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਸਕੇ। ਇਸੇ ਦੌਰਾਨ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੁਰਾਣੇ ਬਾਰਦਾਨੇ ਦੀ ਖ਼ਰੀਦ 'ਚ ਘਪਲੇ ਦਾ ਸ਼ੱਕ ਜ਼ਾਹਿਰ ਕੀਤਾ ਹੈ।

## ਪਤੀ ਦੀ ਤੇਰ੍ਹਵੀਂ ਵਾਲੇ ਦਿਨ ਪੁੱਤ ਦੀ ਵੀ ਹੋਈ 'ਮੌਤ' !

ਰੋਹਤਕ 3 ਮਈ। ਹਰਿਆਣਾ ਦੇ ਰੋਹਤਕ 'ਚ ਇਕ ਮਾਂ ਨੇ ਆਪਣੇ ਜਵਾਨ ਪੁੱਤ ਦੀ ਮੌਤ ਦੇ ਗ਼ਮ ਨੂੰ ਪਾਸੇ ਰੱਖ ਕੇ ਉਸ ਦੇ ਅੰਗ ਦਾਨ ਕਰਨ ਦਾ ਫੈਸਲਾ ਲਿਆ। ਇਸ ਨੇਕ ਫੈਸਲੇ ਰਾਹੀਂ ਚਾਰ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲੀ ਹੈ। ਖ਼ਾਸ ਗੱਲ ਇਹ ਰਹੀ ਕਿ ਹਰਿਆਣਾ ਦੇ ਇਤਿਹਾਸ 'ਚ ਪਹਿਲੀ ਵਾਰ ਅੰਗਾਂ ਨੂੰ ਪਹੁੰਚਾਉਣ ਲਈ ਏਅਰਲਿਫਟ ਦੀ ਮਦਦ ਲਈ ਗਈ। ਕਰਨਾਲ ਦੇ ਪਿੰਡ ਬਾਲ ਰਾਂਗੜਾਨ ਦੇ ਰਹਿਣ ਵਾਲੇ ਰਾਜੇਂਦਰ ਅਤੇ ਉਨ੍ਹਾਂ ਦਾ 16 ਸਾਲਾ ਪੁੱਤ ਹਰਸ਼ 15 ਅਪ੍ਰੈਲ ਨੂੰ ਪਾਣੀਪਤ ਨੇੜੇ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਅਗਲੇ ਹੀ ਦਿਨ ਰਾਜੇਂਦਰ ਦੀ ਮੌਤ ਹੋ ਗਈ, ਜਦਕਿ ਹਰਸ਼ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਿਹਾ ਸੀ। ਸ਼ੁੱਕਰਵਾਰ ਨੂੰ ਜਦੋਂ ਪਰਿਵਾਰ ਰਾਜੇਂਦਰ ਦੀ ਤੇਰ੍ਹਵੀਂ ਦੀਆਂ ਰਸਮਾਂ ਨਿਭਾ ਰਿਹਾ ਸੀ, ਉਸੇ ਦਿਨ ਰੋਹਤਕ PGIMS ਦੇ ਡਾਕਟਰਾਂ ਨੇ ਹਰਸ਼ ਨੂੰ 'ਬ੍ਰੇਨ ਡੈੱਡ' ਐਲਾਨ ਦਿੱਤਾ। ਮਾਂ ਨੇ ਦੁੱਖ ਦੀ ਇਸ ਘੜੀ 'ਚ ਹਿੰਮਤ ਦਿਖਾਉਂਦਿਆਂ ਹਰਸ਼ ਦੇ ਅੰਗ ਦਾਨ ਕਰਨ ਦਾ ਫੈਸਲਾ ਲਿਆ। ਐਤਵਾਰ ਸਵੇਰੇ ਭਾਰਤੀ ਫੌਜ ਦਾ ਹੈਲੀਕਾਪਟਰ ਰੋਹਤਕ ਪਹੁੰਚਿਆ ਅਤੇ ਹਰਸ਼ ਦੀ ਇਕ ਕਿਡਨੀ ਨੂੰ ਚੰਡੀਗੜ੍ਹ ਦੇ ਕਮਾਂਡ ਹਸਪਤਾਲ 'ਚ ਇਲਾਜ ਅਧੀਨ ਇਕ ਫੌਜੀ ਜਵਾਨ ਲਈ ਏਅਰਲਿਫਟ ਕੀਤਾ ਗਿਆ। ਹਰਸ਼ ਦਾ ਲਿਵਰ ਦਿੱਲੀ ਦੇ ILBS ਹਸਪਤਾਲ ਪਹੁੰਚਾਉਣ ਲਈ ਪੁਲਸ ਨੇ ਰੋਹਤਕ ਤੋਂ ਦਿੱਲੀ ਤੱਕ 'ਗ੍ਰੀਨ ਕੋਰੀਡੋਰ' ਬਣਾਇਆ ਤਾਂ ਜੋ ਬਿਨਾਂ ਕਿਸੇ ਦੇਰੀ ਦੇ ਮਰੀਜ਼ਾਂ ਤੱਕ ਅੰਗ ਪਹੁੰਚ ਸਕਣ। ਹਰਸ਼ ਦਾ ਲਿਵਰ ਦਿੱਲੀ ਦੇ 2 ਮਰੀਜ਼ਾਂ ਨੂੰ ਮਿਲਿਆ। ਇਕ ਕਿਡਨੀ ਚੰਡੀਗੜ੍ਹ ਗਈ, ਜਦੋਂ ਕਿ ਇਕ ਕਿਡਨੀ ਅਤੇ ਦੋਵੇਂ ਅੱਖਾਂ ਪੀਜੀਆਈ ਰੋਹਤਕ ਦੇ ਹੀ ਮਰੀਜ਼ਾਂ ਨੂੰ ਦਿੱਤੀਆਂ ਗਈਆਂ। ਦੁਖਦਾਈ ਪਹਿਲੂ ਇਹ ਰਿਹਾ ਕਿ ਹਰਸ਼ ਦਾ ਦਿਲ ਚੇਨਈ ਦੇ ਇਕ ਮਰੀਜ਼ ਲਈ ਅਲਾਟ ਹੋਇਆ ਸੀ। ਪਰ ਰੋਹਤਕ ਤੋਂ ਚੇਨਈ ਦੀ 1800 ਕਿਲੋਮੀਟਰ ਦੀ ਦੂਰੀ ਕਾਰਨ ਸਮੇਂ ਸਿਰ ਟੀਮ ਨਹੀਂ ਪਹੁੰਚ ਸਕੀ। ਦਿਲ ਨੂੰ 6 ਘੰਟਿਆਂ ਦੇ ਅੰਦਰ ਟ?ਰਾਂਸਪਲਾਂਟ ਕਰਨਾ ਲਾਜ਼ਮੀ ਸੀ, ਪਰ ਚੇਨਈ ਦੀ ਟੀਮ ਨੂੰ ਆਉਣ-ਜਾਣ 'ਚ 7 ਘੰਟੇ ਲੱਗ ਰਹੇ ਸਨ, ਜਿਸ ਕਾਰਨ ਦਿਲ ਦੀ ਵਰਤੋਂ ਨਹੀਂ ਹੋ ਸਕੀ।

## ਅੰਮ੍ਰਿਤਸਰ ਦੇ ਇਸ ਪਿੰਡ 'ਚ ਬਣੇ ਨਵੇਂ ਨਿਯਮ, ਲਵ ਮੈਰਿਜ ਕਰਾਉਣ ਵਾਲਿਆਂ ਲਈ ਪੰਚਾਇਤ ਦਾ ਸਖ਼ਤ ਫਰਮਾਨ

ਅੰਮ੍ਰਿਤਸਰ 3 ਮਈ। ਮਜੀਠਾ ਵਿਧਾਨ ਸਭਾ ਹਲਕੇ ਦੇ ਪਿੰਡ ਚਾਚੋਵਾਲੀ ਦੀ ਪੰਚਾਇਤ ਨੇ ਲਵ ਮੈਰਿਜ ਕਰਨ ਵਾਲਿਆਂ ਲਈ ਇਕ ਅਨੋਖੀ ਸਜ਼ਾ ਦਾ ਐਲਾਨ ਕੀਤਾ ਹੈ। ਪਿੰਡ ਵਿਚ ਭੱਜ ਕੇ ਵਿਆਹ ਕਰਨ ਵਾਲੇ ਲੜਕੇ-ਲੜਕੀ ਦੇ ਖ਼?ਲਾਫ਼ ਪੰਚਾਇਤ ਨੇ ਇਕ ਮਤਾ ਪਾਸ ਕੀਤਾ ਹੈ, ਜਿਸ ਤਹਿਤ ਅਜਿਹੇ ਜੋੜਿਆਂ ਨੂੰ ਹੁਣ ਆਪਣੇ ਪਰਿਵਾਰਾਂ ਸਮੇਤ ਪਿੰਡ ਛੱਡ ਕੇ ਕਿਤੇ ਹੋਰ ਜਾਣਾ ਪਵੇਗਾ। ਦੱਸਿਆ ਜਾ ਰਿਹਾ ਹੈ ਕਿ ਇਹ ਕਥਿਤ ਮਤਾ ਪਿੰਡ ਚਾਚੋਵਾਲੀ ਦੀ ਪੂਰੀ ਪੰਚਾਇਤ ਅਤੇ ਨਿਵਾਸੀਆਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਇਸ ਫ਼ੈਸਲੇ ਨੂੰ ਮਨਜ਼ੂਰੀ ਦਿੱਤੀ ਹੈ ਕਿ ਜੇਕਰ ਭਵਿੱਖ ਵਿਚ ਪਿੰਡ ਦਾ ਕੋਈ ਵੀ ਲੜਕਾ ਜਾਂ ਲੜਕੀ ਲਵ ਮੈਰਿਜ ਕਰਦਾ ਹੈ, ਤਾਂ ਇਹ ਫ਼ੈਸਲਾ ਉਨ੍ਹਾਂ 'ਤੇ ਲਾਗੂ ਹੋਵੇਗਾ। ਜਦੋਂ ਤੋਂ ਇਹ ਫ਼ੈਸਲਾ ਜਨਤਕ ਹੋਇਆ ਹੈ, ਸੋਸ਼ਲ ਮੀਡੀਆ 'ਤੇ ਇਸ ਦੀ ਤਿੱਖੀ ਚਰਚਾ ਹੋ ਰਹੀ ਹੈ। ਕਈ ਲੋਕ ਇਸ ਨੂੰ 'ਤੁਗਲਕੀ ਫ਼ਰਮਾਨ' ਦੱਸ ਕੇ ਇਸ ਦੀ ਆਲੋਚਨਾ ਕਰ ਰਹੇ ਹਨ, ਜਦਕਿ ਕੁਝ ਇਸ ਨੂੰ ਸਹੀ ਫ਼ੈਸਲਾ ਦੱਸ ਕੇ ਤਾਰੀਫ਼ ਕਰ ਰਹੇ ਹਨ। ਆਲੋਚਕਾਂ ਦਾ ਤਰਕ ਹੈ ਕਿ ਜਦੋਂ ਦੇਸ਼ ਦਾ ਕਾਨੂੰਨ ਲਵ ਮੈਰਿਜ ਨੂੰ ਮਾਨਤਾ ਦਿੰਦਾ ਹੈ, ਤਾਂ ਪੰਚਾਇਤ ਦਾ ਫ਼ੈਸਲਾ ਕਾਨੂੰਨ ਤੋਂ ਉੱਪਰ ਕਿਵੇਂ ਹੋ ਸਕਦਾ ਹੈ? ਇਸ ਸਬੰਧੀ ਪਿੰਡ ਦੇ ਸਰਪੰਚ ਸ਼ੀਤਲ ਸਿੰਘ ਨੇ ਪੁਸ਼ਟੀ ਕੀਤੀ ਕਿ ਪੰਚਾਇਤ ਨੇ ਇਹ ਮਤਾ ਪਾਸ ਕੀਤਾ ਹੈ ਕਿ ਲਵ ਮੈਰਿਜ ਕਰਨ ਵਾਲਿਆਂ ਨੂੰ ਪਿੰਡ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਸ਼ੇਰ-ਏ-ਪੰਜਾਬ ਦੀ ਸ਼ਾਹੀ ਬਾਰਾਂਦਰੀ ਦੀ ਭੰਨ-ਤੋੜ ਕਰਨ ਵਾਲਿਆਂ ਖਿਲਾਫ਼ ਕਾਰਵਾਈ ਨਾ ਕਰਨ 'ਤੇ ਸੰਗਤਾਂ 'ਚ ਰੋਸ

**ਕੌਮੀ ਪਤ੍ਰਿਕਾ**

ਦੀਨਾਨਗਰ 3 ਮਈ। ਬੀਤੇ ਦਿਨੀਂ ਦੀਨਾਨਗਰ ਸਥਿਤ ਸ਼ੇਰ-ਏ-ਪੰਜਾਬ ਮਹਰਾਜਾ ਰਣਜੀਤ ਸਿੰਘ ਦੀ ਇਤਿਹਾਸਕ ਸ਼ਾਹੀ ਬਾਰਾਂਦਰੀ ਦੀ ਭੰਨ-ਤੋੜ ਕਰਨ ਵਾਲਿਆਂ ਖਿਲਾਫ਼ ਕਾਨੂੰਨੀ ਕਰਵਾਈ ਨਾ ਕਰਨ ਤੇ ਸੰਗਤਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਰੋਸ ਦੀ ਲਹਿਰ ਹੈ। ਵਿਰਾਸਤੀ ਮੰਚ ਬਟਾਲਾ ਦੇ ਚੇਅਰਮੈਨ ਐਡਵੋਕੇਟ ਐੱਚ.ਐੱਸ. ਮਾਂਗਟ, ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਜਨਰਲ ਸਕੱਤਰ ਇੰਦਰਜੀਤ ਸਿੰਘ ਹਰਪੁਰਾ ਸਮੇਤ ਮੰਚ ਦੇ ਸਮੂਹ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਕੋਲੋਂ ਮੰਗ ਕੀਤੀ ਹੈ ਕਿ ਸਰਕਾਰ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਵੱਲੋਂ ਸੁਰੱਖਿਅਤ ਘੋਸ਼ਿਤ ਕੀਤੀ ਗਈ ਇਸ ਇਮਾਰਤ ਦੀ ਭੰਨ-ਤੋੜ ਕਰਨ ਵਾਲੇ ਵਿਅਕਤੀਆਂ ਖਿਲਾਫ ਸਖ਼ਤ ਐਕਸ਼ਨ ਲਿਆ ਜਾਵੇ ਅਤੇ ਇਸ ਇਮਾਰਤ ਨੂੰ ਹੋਰ ਨੁਕਸਾਨ ਪਹੁੰਚਾਉਣ ਤੋਂ ਤੁਰੰਤ ਰੋਕਿਆ ਜਾਵੇ। ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਕੁਝ ਸ਼ਰਾਰਤੀ ਵਿਅਕਤੀਆਂ ਵੱਲੋਂ ਇਤਿਹਾਸਕ ਬਾਰਾਂਦਰੀ ਦੀਨਾਨਗਰ ਭੰਨ-ਤੋੜ ਕਰਕੇ ਉਸ ਉੱਪਰ ਗੈਰ ਕਾਨੂੰਨੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਸਬੰਧੀ ਵਿਰਾਸਤੀ ਮੰਚ ਵੱਲੋਂ ਇੱਕ ਲਿਖਤੀ ਸ਼ਿਕਾਇਤ ਐੱਸ.ਡੀ.ਐੱਮ. ਦੀਨਾਨਗਰ ਨੂੰ ਵੀ ਦਿੱਤੀ ਗਈ ਸੀ ਤਾਂ ਜੋ ਬਾਰਾਂਦਰੀ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਬਾਰਾਂਦਰੀ ਦੇ ਬਾਹਰ ਸ਼ਰਾਰਤੀ ਅਨਸਰਾਂ ਵੱਲੋਂ ਰੇਤ ਅਤੇ ਬੱਜਰੀ ਦੇ ਢੇਰ ਵੀ ਲਗਾਏ ਗਏ ਹਨ ਜੋ ਕਿ ਬਾਰਾਂਦਰੀ ਤੇ ਲੈਂਟਰ ਪਾ ਕੇ ਇਸ ਉੱਪਰ ਕਬਜ਼ਾ ਕਰ ਸਕਣ। ਉਨ੍ਹਾਂ ਕਿਹਾ ਕਿ ਇੰਨੇ ਦਿਨ ਬੀਤਣ ਦੇ ਬਾਵਜੂਦ ਵੀ ਸਥਾਨਿਕ ਪ੍ਰਸ਼ਾਸਨ ਨੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜੋ ਕਿ ਚਿੰਤਾ ਦਾ ਵਿਸ਼ਾ ਹੈ। ਵਿਰਾਸਤੀ ਮੰਚ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਹ ਇਤਿਹਾਸਕ ਬਾਰਾਂਦਰੀ ਸਰਕਾਰ ਵੱਲੋਂ ਸੁਰੱਖਿਅਤ ਇਮਾਰਤ ਘੋਸ਼ਿਤ ਕੀਤੀ ਗਈ ਹੈ ਅਤੇ ਕੋਈ ਵੀ ਵਿਅਕਤੀ ਇਸ ਸਮਾਰਕ ਉੱਪਰ ਕਬਜ਼ਾ ਨਹੀਂ ਕਰ ਸਕਦਾ ਅਤੇ ਨਾ ਹੀ ਆਪਣੇ ਪੱਧਰ ਤੇ ਇਸ ਉੱਪਰ ਲੈਂਟਰ ਪਾ ਕੇ ਇਸ ਦੀ ਵਿਰਾਸਤੀ ਦਿੱਖ ਨੂੰ ਵਿਗਾੜ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਸ ਇਤਿਹਾਸਕ ਇਮਾਰਤ ਉੱਪਰ ਕਬਜ਼ਾ ਕਰਨ ਦੀ ਨੀਅਤ ਨਾਲ ਕੀਤੀ ਜਾ ਰਹੀ ਭੰਨ-ਤੋੜ ਨੂੰ ਤੁਰੰਤ ਰੋਕੇ ਅਤੇ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਵਿਰਾਸਤੀ ਮੰਚ ਦੇ ਸਮੂਹ ਮੈਂਬਰਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਇਤਿਹਾਸਕ ਬਾਰਾਂਦਰੀ ਦੀ ਸਾਂਭ-ਸੰਭਾਲ ਕੀਤੀ ਜਾਵੇ। ਸ਼ਾਹੀ ਬਾਰਾਂਦਰੀ ਦੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਵਿਰਾਸਤੀ ਮੰਚ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਇਹ ਬਾਰਾਂਦਰੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਈ ਸੀ ਅਤੇ ਉਹ ਅਕਸਰ ਹੀ ਹਰ ਸਾਲ ਗਰਮੀਆਂ ਦੇ ਮਹੀਨੇ ਦੀਨਾਨਗਰ ਵਿਖੇ ਗੁਜ਼ਾਰਦੇ ਸਨ। ਦੀਨਾਨਗਰ ਵਿਖੇ ਹੀ ਸਰਕਾਰ ਖ਼ਾਲਸਾ ਦੀ ਇੱਕ ਵੱਡੀ ਫ਼ੌਜੀ ਛਾਉਣੀ ਵੀ ਸੀ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਦੀਨਾਨਗਰ ਵਿਖੇ ਕਈ ਇਤਿਹਾਸਕ ਦਰਬਾਰ ਸਜਾਏ ਗਏ। ਇਸੇ ਕਰਕੇ ਇਸਨੂੰ ਸਰਕਾਰ ਖ਼ਾਲਸਾ ਜੀ ਦੀ ਗਰਮੀਆਂ ਦੀ ਰਾਜਧਾਨੀ ਵੀ ਕਿਹਾ ਜਾਂਦਾ ਸੀ। ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਦੀਨਾਨਗਰ ਦੀ ਸ਼ਾਹੀ ਬਾਰਾਂਦਰੀ ਵਿਖੇ ਲਾਹੌਰ ਦਰਬਾਰ, ਅੰਗਰੇਜ਼ ਹਕੂਮਤ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਸ਼ਾਹ ਸੂਜਾ ਦਰਮਿਆਨ ਤ੍ਰੈ-ਪੱਖੀ ਸੰਧੀ ਹੋਈ ਸੀ। ਇਸ ਤੋਂ ਇਲਾਵਾ ਕਸ਼ਮੀਰ ਨੂੰ ਫ਼ਤਹਿ ਕਰਨ ਦੀ ਵਿਉਂਤਬੰਧੀ ਵੀ ਏਥੇ ਹੀ ਘੜੀ ਗਈ ਸੀ। ਉਨ੍ਹਾਂ ਦੱਸਿਆ ਕਿ ਅੰਗਰੇਜ਼ ਲਿਖਾਰੀ ਵਿਲੀਅਮ ਜੀ. ਆਸਬਰਨ ਦੀ ਕਿਤਾਬ 'ਮਹਾਰਾਜਾ ਰਣਜੀਤ ਸਿੰਘ ਕੋਰਟ ਐਂਡ ਕੈਂਪਸ' ਵਿੱਚ ਦੀਨਾਨਗਰ ਦੇ ਸ਼ਾਹੀ ਦਰਬਾਰ ਦੀ ਸ਼ਾਨ ਦਾ ਬਾਖੂਬੀ ਵਰਨਣ ਕੀਤਾ ਗਿਆ ਹੈ। ਇੰਦਰਜੀਤ ਸਿੰਘ ਹਰਪੁਰਾ ਨੇ ਅੱਗੇ ਦੱਸਿਆ ਕਿ ਸਰਕਾਰ ਨੇ ਸਾਲ 2010 ਵਿੱਚ ਇਸ ਇਤਿਹਾਸਕ ਬਾਰਾਂਦਰੀ ਨੂੰ ਸੁਰੱਖਿਆ ਇਮਾਰਤ ਦਾ ਦਰਜਾ ਦਿੱਤਾ ਸੀ ਅਤੇ ਸਰਕਾਰ ਵੱਲੋਂ 1.60 ਕਰੋੜ ਰੁਪਏ ਦਾ ਟੈਂਡਰ ਵੀ ਬਾਰਾਂਦਰੀ ਦੀ ਮੁਰੰਮਤ ਲਈ ਲਗਾਇਆ ਗਿਆ ਹੈ, ਪਰ ਕੰਮ ਸ਼ੁਰੂ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਵਿਰਾਸਤੀ ਇਮਾਰਤ ਦੀ ਸੰਭਾਲ ਵੱਲ ਧਿਆਨ ਦਿੱਤਾ ਜਾਵੇ। ਇਸ ਮੌਕੇ ਵਿਰਾਸਤੀ ਮੰਚ ਦੇ ਅਹੁਦੇਦਾਰ ਕੁਲਵਿੰਦਰ ਸਿੰਘ ਲਾਡੀ ਜੱਸਲ, ਸ਼ਮਸ਼ੇਰ ਸਿੰਘ ਮੱਲ੍ਹੀ, ਖਜ਼ਾਨਚੀ ਸੁਖਦੇਵ ਸਿੰਘ ਫੈਜਪੁਰਾ, ਹਰਵਿੰਦਰ ਸਿੰਘ ਹਰਪੁਰਾ, ਵੈਬੀਜੋਤ ਸਿੰਘ ਕਾਹਲੋਂ, ਵਰਿੰਦਰ ਸਿੰਘ ਤੋਂ ਇਲਾਵਾ ਹੋਰ ਅਹੁਦੇਦਾਰ ਵੀ ਹਾਜ਼ਰ ਸਨ।

